ਪਲੇਗ" ਇਸ ਵਿਚ ਦਸਤ ਅਤੇ ਉਲਟੀਆਂ ਦਾ ਜ਼ੋਰ ਹੁੰਦਾ ਹੈ, ਬੁਖਾਰ ਭੀ ਜ਼ੋਰ ਦਾ।

ਇਹੋ ਚਾਰ ਕਿਸਮਾਂ ਪਲੇਗ ਦੀਆਂ ਦੇਖਣ ਵਿਚ ਔਂਦੀਆਂ ਹਨ. ਪਹਲੇ ਲਿਖੇ ਤਾਪ ਵਾਲੇ ਲੱਛਨ ਸਾਰਿਆਂ ਵਿਚ ਹੁੰਦੇ ਹਨ, ਕਿਸੇ ਵਿੱਚ ਘਟ ਕਿਸੇ ਵਿਚ ਵੱਧ॥

ਅਸਾਧਯ ਪਲੇਗ ਦੇ ਲੱਛਣ।

ਮਾਰਦੇਨ ਵਾਲੀ ਹਾਲਤ:- ਮੂਰਛਾ, ਬੇਹੋਸ਼ੀ, ਅੰਗਸ਼ੋਬ (ਕਿਸੇ ਸਰੀਰ ਦੇ ਹਿੱਸੇ ਪਰ ਸੋਜ ਪੇ ਜਾਣੀ) ਸਰੀਰ ਦਾ ਰੰਗ ਵਿਗੜ ਜਾਣਾ, ਬਦਬੂ ਦਾਰ ਪਸੀਨੇ ਨਾਲ ਬੁਖਾਰ, ਸਿਰ ਦਾ ਭਾਰੀ ਹੋਣਾ ਤੇ ਦਰਦ, ਲਾਰਾਂ ਬਹਨੀਆਂ, ਰੁਧਿਰ ਦੀ ਉਲਟੀ ਹੋਨੀ, ਵਸਤੀ (ਮਸਾਨੇ) ਵਿਚ ਸੋਜ, ਹੋਠਾਂ ਦਾ ਰੰਗ ਕਰੂਪ ਹੋਣਾ, ਚੂਹੇ ਦੀ ਸ਼ਕਲ ਵਰਗੀ ਗਿਲਟੀ ਦਾ ਪੈਦਾ ਹੋਣਾ, ਛਛੂੰਦਰ ਦੀ ਦੁਰਗੰਧੀ ਵਰਗੀ ਬਦਬੂ ਬੀਮਾਰ ਪਾਸੋਂ ਆਵਨੀ, ਦਿਮਾਗ ਦਾ ਖਰਾਬ ਹੋ ਜਾਵਨਾਂ, (ਅੱਖਾਂ ਸੁਰਖ ਅੰਗਾਰ ਦੀ ਤਰਾਂ, ਬਕੜਵਾ ਵਗੈਰਾ) ਸਵਾਸ ਦਾ ਬਦਬੂ ਦਾਰ ਅਤੇ ਠੰਡਾ ਹੋਣਾ।

ਏਹ ਸਾਰੇ ਲਛਨ ਹੋਵਨ ਤਦ ਸਮਝ ਲੈਣਾ ਕਿ ਏਹ ਬੀਮਾਰ ਨਹੀਂ ਬਚੇਗਾ, ਸੋ ਜੇਕਰ ਥੋੜੇ ਲੱਛਨ ਹੋਵਣ ਤਦ ਕਸ਼ਟ ਸਾਧਯ (ਦੁੱਖ ਨਾਲ ਰਾਜ਼ੀ ਹੋਣ ਵਾਲਾ) ਜਾਨਣਾ, ਪਰ ਜੋ ਬੀਮਾਰ ਯਤਨ ਕਰਨ ਕਰਕੇ ਬਚ ਭੀ ਜਾਵਣ ਉਨ੍ਹਾਂ ਨੂੰ ਥੋੜਾ ਬੋਲਾਪਨ, ਯਾ

ਜ਼ਬਾਨ ਦੀ ਰੁਕਾਵਟ, ਅਥਵਾ ਅੱਖਾਂ ਦੀ ਕਮਜ਼ੋਰੀ ਕੁਛ ਨਾਂ ਕੁਛ ਕਸੂਰ ਰਹਿ ਜਾਂਦਾ ਦੇਖਣ ਵਿੱਚ ਔਂਦਾ ਹੈ।

ਕੁਦਰਤ!

ਥੋੜੇ ਹੀ ਦਿਨ ਹੋਏ ਹਨ ਤਦ ਇੱਥੇ ਸਾਡੇ ਇਲਾਜ ਵਿਚ ਇੱਕ ਨੌ ਜਵਾਨ ਦੀ ਹਾਲਤ ਠੀਕ 'ਅਸਾਧਯ' ਹੋ ਗਈ ਸੀ, ਸਿਰਫ ਗਿਲਟੀ, ਸੋਜ, ਅਤੇ ਲਹੂ ਦੀ ਉਲਟੀ ਨਹੀਂ ਸੀ ਬਾਕੀ ਸਭ ਹਾਲਤਾਂ ਪਰ ਦਵਾਈ ਦੀ ਤਾਕਤ ਤੋਂ ਹੱਦ ਟੱਪ ਚੁੱਕੀ ਸੀ ਤੇ ਉਹਦਿਆਂ ਘਰਦਿਆਂ ਨੂੰ ਦੱਸਿਆ ਗਿਆ ਕਿ ਹੁਣ ਬਚਾਉ ਦੀ ਸੂਰਤ ਪਰਮੇਸ਼ਰ ਗੋਚਰੀ ਹੋ ਗਈ ਹੈ ਅਤੇ ਇਹ ਵੇਲਾ ਲਗਾਕੇ ਦਵਾਈ ਅਤੇ ਸੇਵਾ ਕਰਨ ਦਾ ਹੈ, ਪਰਮੇਸ਼ੁਰ ਦੀ ਕੁਦਰਤ ਬੀਮਾਰ ਨੂੰ ਬਦਾਮਰੋਗਨ, ਅਤੇ "ਜ਼ਰ ਨਾਸ਼ਕ ਵਿਸਵਾਸ ਬੀਜ" ਦਵਾਈ ਦੀਆਂ ਪੁੜੀਆਂ ਅਰਕ ਗਾਉਜ਼ਬਾਂ ਬੇਦਮੁਸ਼ਕ ਕਾਹਜ਼ਬਾਨ ਦੇ ਨਾਲ ਮਿਲਦੀਆਂ ਰਹੀਆਂ. ਜਿਸ ਪਰ ਮਾਂਹ ਦੇ ਆਟੇ ਦੀਆਂ ਰੋਟੀਆਂ ਘਿਓ ਵਿਚ ਤਰ ਕਰਕੇ ਅਤੇ ਮਲਾਈ ਬਝਦੀ ਰਹੀ। ਚੌਬੀਸ ਘੰਟੇ ਦੇ ਅੰਦਰ ੨ ਬੀਮਾਰ ਬਿਲਕੁਲ ਤੰਦਰੁਸਤ ਰਾਜ਼ੀ ਬਾਜ਼ੀ ਹੋਗਿਆ ਦਸਕੁ ਦਿਨ ਕਮਜ਼ੋਰੀ ਦਾ ਇਲਾਜ ਕਰਨਾ ਪਿਆ। ਇਸ ਦੇ ਉਲਟ ਇਸ ਟ੍ਰੈਕਟ ਦੇ ਪ੍ਰਕਾਸ਼ਤ ਕਰਨ ਦੇ ਦਿਨਾਂ ਵਿੱਚ ਇੱਕ ਆਪਣੇ ਬੜੇ ਹੀ ਪਿਆਰੇ ਜਿਗਰ ਦੇ ਟੁਕੜੇ ਨੌ ਜਵਾਨ ਦੀ ਬੜੀ ਚੰਗੀ ਸਿਹਤ ਵੱਲ ਪਲਟ ਰਹੀ ਹਾਲਤ ਅਚਾਨਕ ਹੀ ਭਯਾਨਕ ਮੌਤ ਤਕ ਪੁੱਜੀ। ਸੋ ਕੁਦਰਤ ਕਾਦਰ ਦੇ ਹੀ ਹੱਥ ਹੈ।

ਪਲੇਗ ਦੀ ਮੌਤ

ਅਜੇਹਾ ਕੌਣ ਪੱਥਰ ਹਿਰਦਯ ਹੈ ਜੋ ਇਸ ਨਾਮੁਰਾਦ ਮਰਜ਼ ਦਾ ਨਾਮ (ਪਲੇਗ) ਸੁਣਕੇ ਨਾ ਕੰਬ ਜਾਂਦਾ ਹੋਵੇਗਾ, ਜਦ ਤੋਂ ਇਸ ਦੇਸ਼ ਦੇ ਕਈ ਸ਼ਹਿਰਾਂ ਵਿਚ ਮਹਾਂਮਾਰੀ (ਪਲੇਗ–ਤਾਊਨ) ਪੈਦਾ ਹੋਈ ਹੈ ਤਦ ਤੋਂ ਮਨੁੱਖਾਂ ਨੂੰ ਕਿੰਨਾ ਕੁ ਕਲੇਸ਼ ਸਹਨਾ ਪਿਆ ਹੈ, ਏਹ ਗੱਲ ਕਿਸੇ ਤੋਂ ਗੁੱਝਾ ਨਹੀਂ ਹੈ। ਕਈ ਨਗਰ ਉਜਾੜ ਹੋ ਗਏ, ਅਨੇਕ ਖਾਨਦਾਨੀ ਘਰਾਣੇ ਬਰਬਾਦ ਹੋਗਏ, ਕਈ ਕੁਲਾਂ ਦੇ ਨਾਮੋ ਨਿਸ਼ਾਨ ਇਸ ਬੀਮਾਰੀ ਦੀ ਕ੍ਰਿਪਾ ਨਾਲ ਦੁਨੀਆਂ ਵਿਚੋਂ ਨਸ਼ਟ ਹੋ ਗਏ ਹਨ। ਪਲੇਗ ਨਾਲ ਮਰਨਾ ਕੈਸਾ ਭਯਾਨਕ ਅਤੇ ਪੀੜਾ ਦਾਇਕ ਹੈ, ਜਿਨ੍ਹਾਂ ਨੇ ਨਹੀਂ ਦੇਖਿਆ ਓਹ ਜਾਣ ਨਹੀਂ ਸਕਦੇ। ਇੱਕ ਭਲੇ ਚੰਗੇ ਆਦਮੀ ਨੂੰ ਅਚਨਕ ਇਸ ਮੂਜ਼ੀ ਮਰਜ਼ ਨੇ ਗ੍ਰਸਿਆ, ਸ਼ੁਰੂ ਹੁੰਦੇ ਹੀ ਉਸਦੇ ਸਰੀਰ ਦਾ ਬਲ ਪਤਾ ਹੀ ਨਹੀਂ ਕਿ ਕਿੱਥੇ ਚਲਾ ਗਿਆ, ਦੇਖਦੇ ਹੀ ਦੇਖਦੇ ਸਖਤ ਬੁਖ਼ਾਰ ਨੇ ਆਣ ਘੇਰਿਆ, ਓਹ ਵੇਖਦਾ ਹੈ ਕਿ ਉਸਦੀ ਜੀਵਨ ਸ਼ਕਤੀ ਛੇਤੀ ਛੇਤੀ ਘਟਦੀ ਜਾਂਦੀ ਹੈ। ਯਥਾ ਸਾਧਯ ਚੇਸ਼ਟਾ ਕਰਨ ਕਰਕੇ ਭੀ ਨਹੀਂ ਰੁਕਦੀ, ਸਹਜੇ ੨ ਸ੍ਵਾਸ ਬੰਦ ਹੋਣ ਲਗ ਗਿਆ। ਥੋੜਾ ੨ ਜੀ ਬਹੁਤ ਕਾਹਲਾ, ਰੰਗ ਸਿਆਹ, ਹੋਸ਼ ਹਵਾਸ ਖ਼ਬਰ ਨਹੀਂ ਕਿਸ ਪੰਛੀ ਦੇ ਖੰਭਾਂ ਨਾਲ ਕਿੱਧਰ ਉੱਡ ਗਏ, ਸਰੀਰ ਦੇ ਕਿਸੇ ਜੋੜ ਦੇ ਕਰੀਬ ਮਾਂਸਲੀ ਜਗ੍ਹਾ ਤੇ ਦਰਦ ਹੋਕੇ ਗਿਲਟੀ ਨਿਕਲ ਆਈ, ਸਿਰ ਦਰਦ ਨੇ ਖੂਬ ਘੁਮਾਇਆ,

ਅੱਖਾਂ ਸੁਰਖ ਅੰਗਾਰ, ਜ਼ਹਰੀਲੀ ਜੇਹੀ ਮਸਤੀ, ਗਸ਼ੀ ਦੀ ਹਾਲਤ, ਬਦਸੂਰਤੀ ਅਤੇ ਸ੍ਰਸਾਮ ਨੇ ਆਨ ਦਬਾਇਆ, ਸੁੱਕੇ ਉਬਾਕ, ਕੁਛ ਖਾਂਸੀ ਤੇ ਕਦੇ ੨ ਕਫ ਦੇ ਨਾਲ ਖੂਨ ਭੀ ਵੇਲਾ ਦੇਖ ਕੇ ਫੁੱਟ ਆ ਗਿਆ। ਦੇਖਦੇ ਹੀ ਸ਼ਕਤੀ ਨੇ ਡੇਰਾ ਡੰਡਾ ਕੂਚ ਕਰ ਲੀਤਾ ਤੇ ਬਕੜਵਾ ਬੇਪਛਾਨ ਦਾ ਜ਼ੋਰ ਹੋਗਿਆ, ਉਸਦੇ ਸਕੇ ਸੰਬੰਧੀ, ਪਿਆਰੇ ਮਿਤ੍ਰ ਸਾਹਮਣੇ ਵਿਪੱਦ ਦੇਖਕੇ ਹਰਾਨ ਤੇ ਬੇਬਸ ਹੋਕੇ ਉਦਾਸੀ ਵਿੱਚ ਢੱਠ ਪਏ, ਮਾਰੇ ਡਰਦੇ ਕੋਈ ਨੇੜੇ ਨਹੀਂ ਢੁਕਦਾ, ਗਵਾਂਢੀ ਭੀ ਗਵਾਂਢ ਛਡਕੇ ਡੇਰੇ ਕੂਚ ਕਰ ਗਏ, ਹੁਣ ਏਹ ਨੌ ਜਵਾਨ ਕੁਟੰਬੀਆਂ ਦਾ ਪਿਆਰਾ ਬੇਬੱਸ ਬੇਸੁਰਤ ਘਬਰਾਹਟ ਵਿਚ ਕੰਧਾਂ ਨਾਲ ਟੱਕਰਾਂ ਮਾਰਦਾ, ਆਪਣੇ ਸਰੀਰ ਨੂੰ ਚੱਕ ਵਢਦਾ, ਬੇਚੈਨ ਮੌਤ ਦੀਆਂ ਤਿਆਰੀਆਂ ਕਰ ਰਿਹਾ ਹੈ। ਕੋਈ ਇਲਾਜ ਕਰਨ ਵਾਲਾ ਰੱਬ ਦਾ ਸ਼ਰੀਕ ਨਹੀਂ, ਨਿਰਯਤਨ ਹੋ ਜਾਂਦਾ ਹੈ, ਉਸਦਾ ਕਸ਼ਟ ਉਸਦੇ ਚੇਹਰੇ ਤੋਂ ਪ੍ਰਗਟ ਹੁੰਦਾ ਹੈ, ਪਿਆਸ ਦੀ ਬਿਆਕੁਲਤਾ, ਮੂੰਹ ਵਿਚ ਪਾਈ ਹੋਈ ਚੀਜ਼ ਗਲੇ ਵਿਚ ਅਟਕ ਜਾਂਦੀ ਹੈ, ਤੇ ਮੂਰਛਾ ਮੂਰਛਿਤ ਕਰ ਦੇਂਦੀ ਹੈ. ਸਹਿਜੇ ੨ ਅੱਖਾਂ ਪੱਥਰਾ ਗਈਆਂ ਧੌਣ ਸੁੱਟ ਦਿੱਤੀ, ਸ੍ਰੀਰ ਠੰਢਾ ਹੋ ਗਿਆ, ਰੰਗ ਬਦਰੰਗ ਹੋਕੇ ਐਂਠਨ ਆਰੰਭ ਹੋਗਈ. ਅੰਤ ਨੂੰ ਅੰਤ ਪੁਰ ਪੌਂਚ ਗਿਆ, ਹਾਇ! ਹਾਇ! ਹੁਣ ਮਰਦੇ ਸਰੀਰ ਦੇ ਸਭ ਉਪਾਵ ਬੰਦ ਹੋਗਏ, ਸੰਸਾਰ ਦੇ ਸੰਬੰਧੀਆਂ ਨੇ ਸੰਬੰਧ ਹਟਾ ਲਏ। ਹੁਣ ਸਿਰਫ ਇਕਲੌਤੇ ਬੱਚੇ ਦੀ ਮਾਂ ਤੇ ਰੰਡੀ (ਸੱਸ ਜਿਸਦੀ ਅਨਾਥ ਬਾਲੜੀ ਪਿਆਰੀ ਧੀ ਨਾਲ ਹੀ

ਰੰਡੀ ਹੋ ਗਈ) ਸੋਗ ਤੇ ਪੈ ਪੈ ਕੇ ਘਾਇਲ ਹੋ ਰਹੀਆਂ
ਹਨ। ਪਿਤਾ ਤਾਂ ਪਹਿਲੇ ਹੀ ਗਮ ਨਾਲ ਗਮਗੀਨ ਹੋਕੇ
ਤੰਗ ਹੋ ਗਿਆ, ਸਭ ਪਿਆਰੇ ਸੰਬੰਧੀ ਵਿਲਕ ਰਹੇ ਹਨ।
ਆਖਰ ਮਾਂ ਭੀ ਮਮਤਾ ਦੀ ਮਾਰੀ ਬੱਚੇ ਦੇ ਨਾਲ ਹੀ
ਮਰਨਾ ਲੋੜਦੀ ਹੈ ਪਰ ਮੌਤ ਕਿੱਥੇ? ਮਰਦਿਆਂ ਨਾਲ
ਮਰਿਆ ਨਹੀਂ ਜਾਂਦਾ ਤੇ ਨਾਂ ਹੀ ਕੋਈ ਪੇਸ਼ ਜਾ
ਸੱਕਦੀ ਹੈ। ਅੰਤ—"ਕਾਢਹੁ ਕਾਢਹੁ ਹੋਈ" ਇਹ
ਸੰਬੰਧੀਆਂ ਦੇ ਸਬੰਧ। ਅਜੇਹੇ ਵੇਲੇ ਵਾਸਤੇ ਸ੍ਰੀ ਗੁਰੂ
ਮਹਾਰਾਜ ਜੀ ਨੇ ਕੈਸਾ ਪਵਿੱਤ੍ਰ ਉਪਦੇਸ਼ ਕਥਨ ਕੀਤਾ
ਹੈ ਕਿ ਏਸ ਅਸਾਰ ਸੰਸਾਰ ਵਿੱਚ ਭਲੀ ਪ੍ਰਕਾਰ
ਵਿਚਾਰ ਕੇ ਵੇਖਿਆ ਹੈ, ਏਸ ਵਿਚ ਕੋਈ ਕਿਸੇ ਦਾ
ਮਿੱਤ੍ਰ ਨਹੀਂ, ਸਭ ਜੀਵ ਆਪੋ ਆਪਣੇ ਸੁਖ ਦੀ
ਖਾਤਰ ਮਤਲਬ ਦੇ ਗੁਲਾਮ ਕਈ ਤਰਹਾਂ ਦੇ ਸੰਬੰਧ,
ਕਲਪਨਾਂ ਮਾਤ੍ਰ ਵੇਖ ਰਹੇ ਤੇ ਪ੍ਰਮਾਰਥ ਤੋਂ ਭ੍ਰਸ਼ਟ ਹੋ
ਰਹੇ ਹਨ। ਏਹ ਨਹੀਂ ਵਿਚਾਰਦੇ ਕਿ ਜਿਨ੍ਹਾਂ ਦੀ
ਖਾਤਰ ਅਸੀਂ ਦਿਨ ਰਾਤ ਤਾਨੇ ਬਾਨੇ ਵਿਚ
ਲੱਗੇ ਰਹਿੰਦੇ ਹਾਂ, ਓਹ ਸਾਰੇ ਹੀ ਆਪਣੇ ਸੁਖਾਂ ਦੀ
ਅਭਿਲਾਖਾ, ਕਰ ਰਹੇ ਹਨ, ਜਿਤਨੇ ਚਿਰ ਤੱਕ ਕਿਸੇ
ਪਾਸੋਂ ਸੁਖ ਮਿਲਦਾ ਦਿਸਦਾ ਹੈ ਉਤਨੇ ਚਿਰ ਤੱਕ
ਉਸਨੂੰ ਚੁਫੇਰਿਓਂ ਘੇਰੀ ਰਖਦੇ ਹਨ, ਪਰ ਜਿਸ ਵੇਲੇ
ਕਿਸੇ ਤਰਾਂ ਦੀ ਬਿਪਤਾ ਆਨ ਪੈਂਦੀ ਹੈ ਤਦ ਸੰਗ ਹੀ
ਛੱਡ ਦੇਂਦੇ ਹਨ। ਅਤੇ ਨੇੜੇ ਔਣਾ ਭੀ ਪਸੰਦ ਨਹੀਂ
ਕਰਦੇ, ਜੈਸਾ ਕਿ ਅਜ ਕੱਲ ਵੇਖਣ ਵਿੱਚ ਔਂਦਾ ਹੈ।
ਐਸਾ ਸਲੂਕ ਵੇਖਕੇ ਭੀ ਅਸੀ ਲੋਕ ਮਨੁੱਖਾ ਜਨਮ

ਨੂੰ ਸੰਭਾਲ ਕਰਨ ਦਾ ਯਤਨ ਨਹੀਂ ਕਰਦੇ, ਅਜੇਹੇ ਵੇਲੇ ਵਾਸਤੇ ਸਤਿਗੁਰੂ ਜੀ ਦੇ ਪਵਿੱਤ੍ਰ ਉਪਦੇਸ਼ਾਂ ਨੂੰ ਧਾਰਨ ਨਹੀਂ ਕਰਦੇ। ਜੈਸਾ ਕਿ:—

"ਪ੍ਰੀਤਮ ਜਾਨ ਲੇਹੁ ਮਨਮਾਹੀ । ਅਪਨੇ ਸੁਖ ਸਿਉ ਹੀ ਜਗ ਫਾਂਧਿਓ ਕੋ ਕਾਹੂ ਕੋ ਨਾਹੀ। ॥੧॥ ਰਹਾਉ ॥ ਸੁਖ ਮੈ ਆਨ ਬਹੁਤ ਮਿਲ ਬੈਠਤ ਰਹਤ ਚਹੂ ਦਿਸ ਘੇਰੇ। ਬਿਪਤ ਪਰੀ ਸਭ ਹੀ ਸੰਗ ਛਾਡਤ ਕੋਊ ਨ ਆਵਤ ਨੇਰੇ ॥੧॥ ਘਰ ਕੀ ਨਾਰਿ ਬਹੁਤ ਹਿਤ ਜਾ ਸਿਉ ਸਦਾ ਰਹਿਤ ਸੰਗ ਲਾਗੀ । ਜਬ ਹੀ ਹੰਸ ਤਜੀ ਇਹੁ ਕਾਂਇਆ ਪਰੇਤ ਪਰੇਤ ਕਰ ਭਾਗੀ ॥ ੨ ॥ ਇਹ ਬਿਧ ਕੋ ਬਿਉਹਾਰ ਬਨਿਓ ਹੈ ਜਾਸਿਉ ਨੇਹੁ ਲਗਾਇਓ। ਅੰਤ ਬਾਰ ਨਾਨਕ ਬਿਨ ਹਰਿ ਜੀਉ ਕੋਊ ਕਾਮਿ ਨ ਆਇਓ । ੩ ॥

ਪਲੇਗ ਦਾ ਇਲਾਜ ਕਰਾਨ ਵਾਲੇ!

ਪਲੇਗ ਦਾ ਇਲਾਜ ਕਰਾਨ ਵਾਲੇ ਸੱਜਨਾਂ ਨੂੰ ਚਾਹੀਦਾ ਹੈ ਕਿ ਬੀਮਾਰੀ ਦੇ ਸ਼ੁਰੂ ਹੁੰਦਿਆਂ ਹੀ ਕਿਸੇ ਅੱਛੇ ਲਾਇਕ ਇਲਾਜ ਕਰਨ ਵਾਲੇ ਸਿਆਣੇ ਦੇ ਹੱਥ ਬੀਮਾਰ ਨੂੰ ਸੌਂਪ ਦੇਵਨ, ਅਤੇ ਉਸਦੀ ਮਰਜ਼ੀ ਦੇ ਉਲਟ ਜ਼ਰਾ ਭੀ ਨਾਂ ਕਰਨ। ਜੋ ਲੋਗ ਅਜੇਹੇ ਬੀਮਾਰ ਵਾਸਤੇ ਇਕ ਇਕ ਘੜੀ ਚਾਰ ੨ ਹਕੀਮ ਬਦਲਦੇ ਹਨ ਓਹ ਸਦਾ ਹੀ ਦੁਖਾਂ ਦੇ ਹਿਸਦਾਰ ਬਣਦੇ ਹਨ, ਲਾਭ ਕਦੇ ਨਹੀਂ ਉਠਾ ਸਕਦੇ, ਹਾਂ ਉਸਦੇ ਇਲਾਜ ਵਿਚ ਹੋਰ ਇਲਾਜ ਕਰਨ ਵਾਲਿਆਂ ਦੀ

ਸੰਮਤੀ ਲੈ ਲੈਣ ਵਿਚ ਕੋਈ ਹਰਜ ਨਹੀਂ। ਇਹ ਬਹੁਤ ਹੁੰਦਾ ਹੈ ਕਿ ਇਲਾਜ ਕਰਾਵਨ ਵਾਲੇ ਘਬਰਾ ਜਾਇਆ ਕਰਦੇ ਹਨ, ਅਤੇ ਇਲਾਜ ਕਰਨ ਵਾਲਾ ਭੀ ਦਾਹਵੇ ਨਾਲ ਇਹ ਆਖਣਾਂ ਮੁਨਾਸਬ ਨਹੀਂ ਸਮਝਦਾ ਕਿ ਜ਼ਰੂਰ ਇੱਕ ਦਾ ਹੀ ਇਲਾਜ ਕਰੋ, ਇਲਾਜ ਕਰਾਨ ਵਾਲਿਆਂ ਦੇ ਘਬਰਾ ਜਾਵਨ ਦੇ ਭੀ ਕਈ ਇਕ ਕਾਰਨ ਹੋਂਦੇ ਹਨ। ਇੱਕ ਤਾਂ ਇਹ ਕਿ ਕੋਈ ਇਹ ਨਾਂ ਆਖੇ ਕਿ ਇਕ ਦੇ ਇਲਾਜ ਉੱਤੇ ਹਾਂ ਮਚਲੇ ਹੋ ਰਹੇ ਹਨ। ਦੂਜਾ ਇਹ ਕਿ ਕੋਈ ਇਹ ਨਾਂ ਕਹੇ ਕਿ ਬਹੁਤਾ ਖਰਚ ਕਰਨ ਪਿਛੇ ਕੋਈ ਚੰਗਾ ਜੇਹਾ ਇਲਾਜ ਕਰਨ ਵਾਲਾ ਨਹੀਂ ਸੱਦਦੇ। ਤੀਜੇ ਇਹ ਕਿ ਆਏ ਗਏ ਸੱਜਣ ਮਿਤ੍ਰ ਆਪੋ ਆਪਣੀ ਹਮਦਰਦੀ ਪ੍ਰਗਟ ਕਰਦੇ ਹੋਏ ਭਾਂਤ ਭਾਂਤ ਦੇ ਖਿਆਲ ਪ੍ਰਗਟ ਕਰਕੇ ਨਵੇਂ ਤੋਂ ਨਵਾਂ ਇਲਾਜ ਕਰਨ ਦੀ ਸਲਾਹ ਦੇਕੇ ਬਿਚਾਰੇ ਘਬਰਾਇਆਂ ਹੋਇਆਂ ਨੂੰ ਬਹੁਤਾ ਘਬਰਾ ਦੇਂਦੇ ਹਨ, ਸਭ ਤੋਂ ਵਧ ਏਹ ਕਿ ਜਿਸਦੇ ਘਰ ਵਿਚ ਕੋਈ ਘਰ ਦਾ ਬੰਨੂ ਏਸ ਰਾਖਸ਼ (ਪਲੇਗ) ਦੇ ਪੰਜੇ ਫਸਿਆ ਹੋਇਆ ਹੋਵੇ ਉਨ੍ਹਾਂ ਦੀ ਸੁਧੀ ਹੀ ਟਿਕਾਣੇ ਨਹੀਂ ਰਹਿੰਦੀ, ਅਤੇ ਓਹ ਚਾਹੁੰਦੇ ਹਨ ਕਿ ਕਿਵੇਂ ਨਾਂ ਕਿਵੇਂ ਕਿਸੇ ਤੋਂ ਛੇਤੀ ਤੇ ਜ਼ਰੂਰ ਅਰਾਮ ਹੋ ਜਾਵੇ। ਪਰ ਅਜੇਹਾ ਕਰਨਾ ਰੋਗੀ ਵਾਸਤੇ ਜਾਣਕੇ ਜਮ ਨੂੰ ਸੱਦਣਾ ਜਾਂ ਅਨਜਾਈ ਮੌਤ ਦੇ ਹੱਥ ਜਾਣ ਬੁਝਕੇ ਰੋਗੀ ਨੂੰ ਸੌਂਪਣਾਂ ਹੈ। ਸੋ ਏਸ ਬਾਤ ਤੋਂ ਇਲਾਜ ਕਰਾਵਨ ਵਾਲਿਆਂ ਨੂੰ ਬੜਾ ਹੀ ਬਚਕੇ ਰਹਿਣਾ ਚਾਹੀਦਾ ਹੈ। ਹਾਂ ਇਕ ਦੇ ਇਲਾਜ ਵਿਚ ਇਲਾਜ

ਕਰਨ ਵਾਲੇ ਦੇ ਸਾਹਮਣੇ ਅਤੇ ਪਿਛੇ ਭੀ ਹੋਰਾਂ ਦੀ ਸੰਮਤੀ ਲੈਣੀ ਬੁਰੀ ਨਹੀਂ ਹੈ, ਪਰ ਇਲਾਜ ਕਰਨ ਵਾਲੇ ਦੀ ਸਲਾਹ ਦੇ ਬਿਨਾਂ ਕਿਸੇ ਦੂਜੇ ਦੀ ਸਲਾਹ ਉੱਤੇ ਅਮਲ ਕਰਨਾ ਪਰਾਣਾਂ ਦਾ ਖੋਣ ਹੈ। ਇਹ ਬੜਾ ਹੀ ਜ਼ਰੂਰੀ ਹੈ ਕਿ ਪਹਿਲੇ ਇਲਾਜ ਸ਼ੁਰੂ ਕਰਨ ਵੇਲੇ ਬੜੀ ਹੀ ਵਿਚਾਰ ਤੋਂ ਕੰਮ ਲਿਆ ਜਾਵੇ ਅਤੇ ਇਲਾਜ ਕਰਨ ਵਾਲੇ ਕਿਸੇ ਯੋਗ ਸੱਜਨ ਦੇ ਹੱਥ ਇਲਾਜ ਦਿੱਤਾ ਜਾਵੇ। ਇਲਾਜ ਕਰਨ ਵਾਲਿਆਂ ਦੇ ਪੂਰੇ ਗੁਣ ਫੇਰ ਕਦੇ ਪ੍ਰਗਟ ਕੀਤੇ ਜਾਵਨਗੇ, ਹਾਲਾਂ ਥੋੜੇ ਵਿਚ ਏਥੇ ਦਸ ਦੇਂਦੇ ਹਾਂ ਕਿ "ਜੋ ਬੀਮਾਰੀ ਦੇ ਤੱਤ ਨੂੰ ਚੰਗੀ ਤਰਾਂ ਸਮਝ ਲਵੇ, ਧੀਰਜ ਅਤੇ ਹੌਸਲੇ ਵਾਲਾ ਹੋਵੇ, ਖੋਟੀ ਨੀਤ ਵਾਲਾ ਨਾ ਹੋਵੇ. ਜਿਸਦੇ ਇਲਾਜ ਨਾਲ ਬੀਮਾਰੀ ਕਝ ਮੋੜਾ ਖਾਂਦੀ ਦਿੱਸੇ ਅਰ ਦੂਜੇ ਯੋਗ ਸੱਜਣ ਉਸਦੇ ਇਲਾਜ ਦੀ ਚਾਲ ਨੂੰ ਪਸੰਦ ਕਰਨ, ਉੱਸੇ ਦੇ ਹੱਥ ਹੀ ਰੋਗੀ ਨੂੰ ਸੌਂਪਣਾਂ ਚਾਹੀਦਾ ਹੈ, ਰੋਗੀ ਵਾਸਤੇ ਉਸਦੀ ਆਗਯਾ ਦੇ ਉਲਟ ਜ਼ਰਾ ਭੀ ਨਹੀਂ ਕਰਨਾ ਚਾਹੀਏ ਅਤੇ ਪ੍ਰਾਣ ਰੱਖਯਾ ਦਾ ਭਰੋਸਾ ਪਰ-ਮੇਸ਼੍ਵਰ ਤੇ ਰੱਖਣਾ ਚਾਹੀਦਾ ਹੈ। ਬੀਮਾਰ ਦੀ ਹਾਲਤ ਦੇ ਵੇਖਣ ਦਾ ਪ੍ਰਬੰਧ ਭੀ ਇਲਾਜ ਕਰਨ ਵਾਲੇ ਦੀ ਮਰਜ਼ੀ ਪਰ ਹੀ ਹੋਣਾ ਚਾਹੀਦਾ ਹੈ। ਭਾਵੇਂ ਓਹ ੬ ਘੰਟੇ ਬਾਦ ਵੇਖੇ, ਚਾਹੇ ਬਾਰਾਂ ਪੰਦਰਾਂ ਘੰਟੇ ਬਾਦ, ਹਾਂ ਜੇਕਰ ਕਿਸੇ ਵੇਲੇ ਕੋਈ ਹਾਲਤ ਖ਼ਰਾਬ ਹੋਵੇ ਤਦ ਪਤਾ ਦੇਣਾ ਚਾਹੀਦਾ ਹੈ। ਇੱਕ ਵੈਦਕ ਦੀ ਪੁਸਤਕ ਵਿਚ ਲਿਖਿਆ ਹੈ ਕਿ–ਜਿਸ ਵੇਲੇ ਬੀਮਾਰ ਬਹੁਤਾ

ਠੀਕ ਹੁੰਦਾ ਹੈ ਤਦ ਇਲਾਜ ਕਰਨ ਵਾਲੇ ਨੂੰ ਪ੍ਰਮੇਸ਼ੁਰ ਦੀ ਤਰਾਂ ਜਾਣਿਆਂ ਜਾਂਦਾ ਹੈ, ਜਦ ਰੋਗ ਮੋੜਾ ਖਾਂਦਾ ਦਿੱਸੇ ਤਦ ਪਿਤਾ ਦੀ ਤਰਾਂ ਅਤੇ ਜਦ ਅਧ ਤਕ ਆ ਪਹੁੰਚੇ ਤਦ ਭਾਈਆਂ ਦੀ ਤਰਾਂ, ਅਤੇ ਜਦੋਂ ਜਰਾਕੁ ਬੀਮਾਰੀ ਰਹ ਜਾਵੇ ਤਦ ਮਾਮੂਲੀ ਜਾਣ ਪਛਾਣ ਵਾਲਿਆਂ ਦੀ ਤਰਾਂ, ਅਰ ਜਦੋਂ ਬਿਲਕੁਲ ਅਰਾਮ ਹੋ ਜਾਵੇ ਤਦੋਂ ਵਾਕਫ ਹੀ ਨਹੀਂ। ਭਾਵੇਂ ਸਾਰੇ ਇਹ ਹਾਲਤ ਨਹੀਂ ਹੁੰਦੀ ਪਰ ਬਹੁਤ ਕਰਕੇ ਐਸਾ ਹੀ ਤਜਰਬੇ ਵਿਚ ਆਉਂਦਾ ਹੈ। ਅਜੇਹੇ ਬੀਮਾਰ ਬਹੁਤ ਸਾਰੇ ਕਲੇਸ਼ਾਂ ਦਾ ਮੂੰਹ ਵੇਖਦੇ ਹਨ, ਇਲਾਜ ਕਰਨ ਵਾਲਿਆਂ ਨੂੰ ਅਜੇਹੇ ਔਗੁਣਾਂ ਤੋਂ ਬਚਣਾਂ ਚਾਹੀਦਾ ਹੈ।

ਅੱਜ ਕੱਲ ਦੇ ਦਿਨਾਂ ਵਿਚ ਧੋਖੇ ਬਾਜ਼, ਅਤੇ ਠੱਗ ਬਹੁਤ ਸਾਰੇ ਦੇਖਣ ਵਿੱਚ ਆਉਂਦੇ ਹਨ ਜੋ ਕੋਈ ਤਾਂ ਪਲੇਗ ਦੇ ਰੋਗੀਆਂ ਨੂੰ ਆਤਮਕ ਸ਼ਕਤੀ ਨਾਲ ਰਾਜ਼ੀ ਕਰਨ ਦੇ ਦਾਹਵੇ ਬੰਨ੍ਹਕੇ ਵੀਹ ਤੀਹ ਰੁਪਏ ਇਕ ਛਿਨ ਲੈ ਜਾਂਦੇ ਹਨ, ਕਈ ਜੰਤ੍ਰ ਮੰਤ੍ਰ ਟੂਣੇ ਆਦਿਕ ਪਖੰਡਾਂ ਨਾਲ ਲੁਟਦੇ ਹਨ। ਕਈ ਪਲੇਗ ਦੇ ਸਿਧ ਵੈਦ, ਸ਼ਾਹੀ ਹਕੀਮ, ਲਾਇਕ ਡਾਕਟਰ ਬਣਕੇ ਲੋਕਾਂ ਨੂੰ ਠਗਦੇ ਅਤੇ ਰੋਗੀਆਂ ਵਾਸਤੇ ਜਮ ਦਾ ਕੰਮ ਕਰਦੇ ਹਨ, ਅਜੇਹੇ ਸੁਆਰਥੀ ਪੁਰਸ਼ਾਂ ਤੋਂ ਬਚਣਾ ਚਾਹੀਦਾ ਹੈ। ਏਹ ਕਿਸੇ ਦੇ ਦਮ ਮਾਰਨ ਦੀ ਜਾ ਨਹੀਂ ਤੇ ਨਾਂ ਕੋਈ ਭਾਣੇ ਨੂੰ ਮੇਟਣ ਵਾਸਤੇ ਸਮਰੱਥ ਹੋ ਸਕਦਾ ਹੈ।

ਪਲੇਗ ਦਾ ਇਲਾਜ ਕਰਨ ਵਾਲੇ।

ਪਲੇਗ ਦਾ ਇਲਾਜ ਕਰਨ ਵਾਲੇ ਸੱਜਣਾਂ ਨੂੰ

ਬੜੀ ਹੀ ਧੀਰਜ ਵਿਚਾਰ ਅਤੇ ਹੌਸਲੇ ਨਾਲ ਬੀਮਾਰ ਦਾ ਇਲਾਜ ਕਰਨਾ ਚਾਹੀਦਾ ਹੈ। ਬਚਾਉ ਦਾ ਭਰੋਸਾ ਪ੍ਰਮੇਸ਼੍ਵਰ ਤੇ ਰੱਖਣਾ ਚਾਹੀਦਾ ਹੈ, ਦਾਹਵਾ ਨਹੀਂ ਬੰਨ੍ਹਣਾ ਚਾਹੀਦਾ। ਜਿਵੇਂ ਜਿਵੇਂ ਬੀਮਾਰੀ ਪਲਟਾ ਖਾਂਦੀ ਜਾਵੇ ਤਿਵੇਂ ਤਿਵੇਂ ਦਵਾਈਆਂ ਦੀ ਸਹਾਇਤਾ ਲੈਣੀ ਚਾਹੀਦੀ ਹੈ, ਅਰਥਾਤ ਇਲਾਜ ਕਰਨ ਵਾਲੇ ਨੂੰ ਭੀ ਪਲਟਾ ਖਾਣਾ ਚਾਹੀਦਾ ਹੈ, ਇਕ ਦਵਾਈ ਦੇ ਭਰੋਸੇ ਹੀ ਵਿੱਲਿਆਂ ਨਹੀਂ ਹੋਣਾ ਚਾਹੀਦਾ, ਕਿਉਂਕਿ ਪਤਾ ਨਹੀਂ ਕਿਸਨੂੰ ਕਿਸ ਦਵਾਈ ਨਾਲ ਅਰਾਮ ਹੋ ਜਾਣਾ ਹੈ, ਬੀਮਾਰ ਨੂੰ ਬੜੀ ਹੀ ਧੀਰਜ ਅਤੇ ਤਸੱਲੀ ਦੇਣੀ ਚਾਹੀਦੀ ਹੈ। ਇਲਾਜ ਦਾ ਬੋਝ ਲੈਣ ਤੋਂ ਪਹਿਲੇ ਚੰਗੀ ਤਰਾਂ ਪ੍ਰੀਖਯਾ ਕਰਕੇ ਰੋਗੀ ਦੀ ਬੀਮਾਰੀ ਦਾ ਕਾਰਨ, ਪਹਿਲੀ ਹਾਲਤ, ਉਸ ਵੇਲੇ ਦੀ ਹਾਲਤ, ਬੀਮਾਰੀ ਦਾ ਜ਼ੋਰ, ਨਾੜੀ, ਮੂਤ੍ਰ, ਮਲ, ਜਿਹ੍ਵਾ, ਸਪਰਸ਼, ਪ੍ਰਕ੍ਰਿਤਿ, ਮੌਸਮ, ਵਲਾ ਆਦਿਕ ਅਤੇ ਕਿਸ ਕਿਸ ਤਰਾਂ ਦੀਆਂ ਦਵਾਈਆਂ ਨਾਲ ਬੀਮਾਰ ਨੂੰ ਅਰਾਮ ਹੁੰਦਾ ਹੈ, ਏਨ੍ਹਾਂ ਬਾਤਾਂ ਨੂੰ ਜ਼ਰੂਰ ਜਾਣ ਲੈਣਾ ਚਾਹੀਦਾ ਹੈ।

ਆਪਣੇ ਇਲਾਜ ਵਿਚ ਕਿਸੇ ਦੂਸਰੇ ਯੋਗ ਸੱਜਨ ਦੀ ਸੰਮਤੀ ਲੈਣ ਕਰਕੇ ਕਿਸੇ ਤਰਾਂ ਦੀ ਈਰਖਾ ਹਠ ਯਾ ਜ਼ਿੱਦ ਵਿਚ ਨਹੀਂ ਪੈ ਜਾਣਾ ਚਾਹੀਦਾ, ਸਗੋਂ ਬੜਾ ਹੀ ਧੀਰਜ, ਵਿਚਾਰ, ਅਤੇ ਸ਼ਾਂਤੀ ਨਾਲ ਦੂਸਰੇ ਯੋਗ ਸਜਣਾਂ ਦੀ ਸੰਮਤੀ ਤੋਂ ਲਾਭ ਉਠੌਣਾ ਚਾਹੀਦਾ ਹੈ, ਸਰਬੱਗ ਕੋਈ ਨਹੀਂ ਹੋ ਸਕਦਾ। ਲੋਭ, ਬੁਰੀ ਨੀਤ ਤੇ ਹਠ ਤੋਂ ਬਹੁਤ ਹੀ ਬਚਣਾ ਚਾਹੀਦਾ ਹੈ, ਕਿਉਂਕਿ

ਵੈਦਕ ਸ਼ਾਸਤ੍ਰਾਂ ਵਿਚ ਲਿਖਿਆ ਅਤੇ ਪ੍ਰਤੱਖ ਵੇਖਣ ਵਿੱਚ ਭੀ ਆਉਂਦਾ ਹੈ ਕਿ "ਸਚਾਈ ਨਾਲ ਇਲਾਜ ਕਰਨਾ ਕਦੇ ਨਿਸਫਲ ਨਹੀਂ ਜਾਂਦਾ, ਕਿਤੋਂ ਧਰਮ ਦੀ ਪ੍ਰਾਪਤੀ, ਕਿਤੋਂ ਧਨ ਦੀ ਪ੍ਰਾਪਤੀ, ਕਿਤੋਂ ਮੈਤ੍ਰੀ ਲਾਭ, ਕਿਤੋਂ ਜੱਸ ਅਤੇ ਕਿਤੇ ਆਪਣਾ ਤਜਰਬਾ ਹੀ ਵਧਦਾ ਹੈ, ਚਿਕਿਤਸਾ ਕਦੇ ਨਿਸਫਲ ਨਹੀਂ ਜਾਂਦੀ"। ਅਤੇ ਜੋ ਸ੍ਵਾਰਥੀ ਪੁਰਸ਼ ਕਿਸੇ ਲਾਲਚ ਪਿੱਛੇ ਘਾਤ ਕਰਦੇ ਹਨ ਉਨ੍ਹਾਂ ਦੇ ਜਨਮ ਨੂੰ ਧ੍ਰਿਕਾਰ ਹੈ, ਗੁਣ ਕਦੇ ਬਿਅਰਥ ਨਹੀਂ ਜਾਂਦੇ ;

ਦਵਾਈ ਦੇਣ ਵਾਲੇ !

ਦਵਾਈਆਂ ਦੇਣ ਵਾਲੇ ਅਤੇ ਦਵਾਈਆਂ ਦਾ ਕਾਰੋਬਾਰ ਕਰਨ ਵਾਲੇ ਸੱਜਨਾਂ ਨੂੰ ਹੇਠ ਲਿਖੀਆਂ ਬਾਤਾਂ ਤੇ ਸਦਾ ਧਯਾਨ ਰੱਖਣਾ ਚਾਹੀਦਾ ਹੈ, ਅਤੇ ਵਿਚਾਰਨਾ ਚਾਹੀਦਾ ਹੈ ਕਿ ਬੀਮਾਰ ਦੀ ਜਾਨ ਉਸਦੇ ਪ੍ਰਬੰਧਕਾਂ ਦੇ ਹੱਥ, ਅਤੇ ਉਨ੍ਹਾਂ ਵਲੋਂ ਇਲਾਜ ਕਰਨ ਵਾਲੇ ਦੇ ਹੱਥ ਸੌਂਪੀ ਜਾਂਦੀ ਹੈ, ਤੀਜੀ ਥਾਂ ਫੇਰ ਇਲਾਜ ਕਰਨ ਵਾਲੇ ਵਲੋਂ ਭੀ ਦਵਾਈਆਂ ਦੇਣ ਵਾਲਿਆਂ ਦੇ ਹੱਥ ਸੌਂਪੀ ਜਾਂਦੀ ਹੈ ਅਤੇ ਦਵਾਈ ਦੇਣ ਵਾਲੇ ਦੇ ਜਰਾ ਕੁ ਗਾਫਲਤਾਈ ਕਰਨ ਕਰਕੇ ਬੀਮਾਰ ਵਾਸਤੇ ਭਾਰੇ ਉਪੱਦ੍ਰਵ ਖੜੇ ਹੋ ਜਾਣ ਦਾ ਡਰ ਹੈ। ਅਜੇਹੇ ਗਾਫਲ ਦਵਾਈਆਂ ਦੇਣ ਵਾਲੇ ਭਾਰੇ ਪਾਪ ਦੇ ਭਾਗੀ ਅਤੇ ਸਰਕਾਰ ਵੱਲੋਂ ਭੀ ਦੰਡ ਦੇ ਭਾਗੀ ਹੋ ਸਕਦੇ ਹਨ।

(੧) ਜਦ ਕਿਸੇ ਦਵਾਈ ਦਾ ਨੁਸਖਾ ਪਾਸ ਆਵੇ ਤਦ ਉਸਨੂੰ ਚੰਗੀ ਤਰਾਂ ਪੜ੍ਹਕੇ ਵਿਚਾਰਨਾ ਚਾਹੀਦਾ

ਹੈ ਕਿ ਇਸ ਵਿਚ ਕੋਈ ਚੀਜ਼ ਐਸੀ ਤਾਂ ਨਹੀਂ ਲਿਖੀ ਹੋਈ ਜਿਸਦਾ ਦੂਜੀਆਂ ਨਾਲ ਆਪਸ ਵਿਚ ਮਿਲਨਾ ਅਯੋਗ ਜਾਂ ਜਿਸਦੇ ਮਿਲਨ ਕਰਕੇ ਜ਼ਹਰ ਦਾ ਅਸਰ ਹੋ ਜਾਵੇਗਾ, ਅਜੇਹੀ ਜਾਂ ਨਹੀਂ ?

(੨) ਲਿਖਨ ਵੇਲੇ ਲਿਖਨ ਵਾਲੇ ਨੇ ਦਵਾਈ ਦਾ ਵਜ਼ਨ ਜੋ ਮੁਨਾਸਬ ਹੈ ਉਸ ਤੋਂ ਬਹੁਤ ਜ਼ਿਆਦਾ ਤਾਂ ਨਹੀਂ ਲਿਖ ਦਿੱਤਾ? ਜੇਕਰ ਅਜੇਹਾ ਹੋਵੇ ਤਦ ਉਹ ਨੁਸਖਾ ਵਾਪਸ ਕਰਕੇ ਪੂਰਾ ਪਤਾ ਲੈਣਾ ਚਾਹੀਦਾ ਹੈ।

(੩) ਜਿਸ ਦਵਾਈ ਦਾ ਨਾਮ ਠੀਕ ਨਾ ਪੜ੍ਹਿਆ ਜਾਵੇ ਉਸਨੂੰ ਲਿਖਨ ਵਾਲੇ ਤੋਂ ਪਤਾ ਮੰਗਵਾਕੇ ਨੁਸਖਾ ਬੰਨ੍ਹਣਾ ਚਾਹੀਏ।

(੪) ਦਵਾਈ ਦੇਣ ਵੇਲੇ ਦਵਾਈ ਵਾਲੇ ਬਿੱਲ ਚੰਗੀ ਤਰਾਂ ਪੜ੍ਹਕੇ ਤਦ ਸ਼ੀਸ਼ੀ ਵਿਚੋਂ ਦਵਾਈ ਨੁਸਖੇ ਵਿਚ ਮਿਲੌਨੀ ਚਾਹੀਦੀ ਹੈ।

(੫) ਦਵਾਈ ਦੇ ਤੋਲ, ਅਤੇ ਮਿਣਤੀ ਵਿਚ ਕਦੇ ਆਲਸ ਨਹੀਂ ਕਰਨਾ ਚਾਹੀਦਾ। ਅਕਸਰ ਲੋਗ ਅੰਦਾਜ਼ਨ ਪੌਂਦੇ ਹਨ, ਅਜੇਹਾ ਕਰਨਾ ਠੀਕ ਨਹੀਂ ਹੈ

(੬) ਦਵਾਈਆਂ ਦਾ ਖਰਲ, ਸ਼ੀਸ਼ਾ ਵਗੈਰਾ ਸਾਰਾ ਸਮਾਨ ਸਾਫ ਰੱਖਣਾ ਚਾਹੀਦਾ ਹੈ, ਅਤੇ ਦਵਾਈ ਦੀ ਸ਼ੀਸ਼ੀ ਪਰ ਭੀ ਖੁਰਾਕ ਵਗੈਰਾ ਦੇ ਸਭ ਹਾਲ ਦਾ ਲੇਬਲ ਜ਼ਰੂਰ ਹੋਣਾ ਚਾਹੀਦਾ ਹੈ।

(੭) ਦਵਾਈ ਵਾਸਤੇ ਹਰ ਇਕ ਚੀਜ਼ ਹਮੇਸ਼ ਸਾਫ ਸੁਥਰੀ ਅਤੇ ਯੋਗਯਤਾ ਅਨੁਸਾਰ ਨਵੀਂ ਲੈਣੀ ਚਾਹੀਦੀ ਹੈ, ਕੀਮਤ ਸਸਤੀ ਪਿਛੇ ਮਾੜੀ ਦਵਾਈ ਕਦੇ

ਨਹੀਂ ਵਰਤਨੀ ਚਾਹੀਦੀ।

(੮) ਜਿਸ ਆਦਮੀ ਨੇ ਕਦੇ ਇਸ ਵਿੱਦਿਆ ਦਾ ਅਭਿਆਸ ਨਹੀਂ ਕੀਤਾ ਉਸਨੂੰ ਕਦੇ ਅਜੇਹਾ ਹੌਸਲਾ ਨਹੀਂ ਕਰਨਾ ਚਾਹੀਦਾ।

ਕੇਸਾਂ ਦੇ ਵੈਰੀ !

ਜਦ ਅਸੀਂ ਵੈਦਕ, ਹਿਕਮਤ, ਡਾਕਟਰੀ ਦੀਆਂ ਪੁਸਤਕਾਂ ਵਿਚ ਦੇਖਦੇ ਹਾਂ, ਜਾਂ ਮੰਨੇ ੨ ਵੈਦ, ਹਕੀਮ ਡਾਕਟਰ ਸਜਨਾਂ ਤੋਂ ਸੁਣਦੇ ਹਾਂ ਤਦ ਕੇਸਾਂ ਦੀ ਬਾਬਤ ਵੈਰ ਨਹੀਂ ਦੇਖਿਆ ਜਾਂਦਾ, ਆਦਤ ਪਰ ਹੀ ਛੋੜਿਆ ਜਾਂਦਾ ਹੈ; ਪਰ ਕਈ ਇਕ ਪਖ ਪਾਤ ਦੇ ਜਕੜੇ ਹੋਏ ਇਲਾਜ ਕਰਨ ਵਾਲਿਆਂ ਦੀ ਦਸ਼ਾ ਦੇਖਦੇ ਹਾਂ ਤਦ ਉਨ੍ਹਾਂ ਨੂੰ ਕੇਸਾਂ ਦੇ ਪੱਕੇ ਵੈਰੀ ਪੌਂਦੇ ਹਾਂ। ਬੱਸ ਜਦ ਹੀ ਕਿਸੇ ਸਿੱਖ ਬੀਮਾਰ ਦਾ ਇਲਾਜ ਹੱਥ ਵਿਚ ਲਿਆ ਝੱਟ ਇਸ ਬਾਤ ਤੇ ਬੜਾ ਹੀ ਜ਼ੋਰ ਦਿੰਦੇ ਹਨ ਕਿ ਕੇਸ ਉਤਰਵਾ ਦੇਓ। ਇਸ ਬਾਤ ਤੇ ਬੜਾ ਹੀ ਹਠ ਕਰਦੇ ਹਨ ਹਾਲਾਂਕਿ ਇਹ ਕੁਦਰਤ ਦੇ ਦੁਸ਼ਮਨ ਜਾਣਦੇ ਹਨ ਕਿ ਇਹ ਹਠ ਕਰਨਾ ਭਲਾ ਨਹੀਂ ਹੈ। ਹਿਕਮਤ ਦੇ ਅਸੂਲ ਇਹ ਦੱਸਦੇ ਹਨ ਕਿ ਜੈਸੀ ਰਹਿਣੀ ਹੋ ਜਾਵੇ ਉਸਦੇ ਉਲਟ ਕਰਨਾ ਬੀਮਾਰ ਵਾਸਤੇ ਬੁਰਾ ਹੈ। ਇਸਤੋਂ ਸਿਵਾਇ ਅਜੇਹਾ ਕਰਨ ਵਾਲੇ ਸਜਨ ਕਦੇ ਕਿਸੇ ਇਸਤ੍ਰੀ ਦਾ ਇਲਾਜ ਕਰਨ ਵੇਲੇ ਅਜੇਹੀ ਸੰਮਤੀ ਦਿੰਦੇ ਨਹੀਂ ਦੇਖੇ ਗਏ, ਅਤੇ ਨਾਹੀ ਕਦੇ ਆਪਣੇ ਘਰ ਅਜੇਹਾ ਅਸੂਲ ਵਰਤਦੇ ਦੇਖੇ ਹਨ। ਪਰ ਜਦ ਕਦੇ ਕਿਸੇ ਸਿੱਖ ਦਾ ਇਲਾਜ ਹੱਥ ਵਿੱਚ ਆਵੇ ਤਦ ਬੀਮਾਰ ਦੇ ਸੰਬੰਧੀਆਂ

ਨੂੰ ਵਡੇ ਭੁਚਾਲ ਤੋਂ ਭੀ ਵੱਧ ਕੰਬਾ ਦਿੰਦੇ ਹਨ । ਫਿਰ ਇਹ ਭੀ ਨਹੀਂ ਕਿ ਕਿਸੇ ਭਿਆਨਕ ਬੀਮਾਰੀ ਪਰ ਹੀ ਇਹ ਸਲਾਹ ਦੇਂਦੇ ਹਨ, ਕਿਸੇ ਦੇ ਚਮਣੂਆਂ ਹੋਵਨ ਤਦ ਇਹੋ ਮੰਦ ਸਲਾਹ । ਕਿਸੇ ਦੇ ਕੇਸ ਭੁਰਦੇ ਹੋਣ ਇਹੋ ਨੀਚ ਪਨਾ । ਕਿਸੇ ਦੇ ਵਾਜ਼ੂ ਪਹਿਲੇ ਪਹਿਲ ਠੀਕ ਨਾ ਉਤਰਦਾ ਹੋਵੇ ਇਹੋ ਕੁਟਿਲਤਾ ਆਦਿਕ ।

ਸੋ ਅਨਮਤੀਆਂ ਤੋਂ ਇਲਾਜ ਕਰਾਨ ਵਾਲੇ ਪੰਥ ਦੇ ਪਿਆਰਿਆਂ ਨੂੰ ਅਜੇਹੇ "ਕੇਸਾਂ ਦੇ ਵੈਰੀਆਂ" ਤੋਂ ਬਚਕੇ ਰਹਿਣਾ ਚਾਹੀਦਾ ਹੈ । ਇਹ ਠੀਕ ਹੈ ਕਿ ਬੀਮਾਰ ਵਾਲੇ ਘਬਰਾਏ ਹੋਏ ਉਨਮਾਦੀ ਜੈਸੇ ਹੁੰਦੇ ਹਨ, ਧਰਮ ਵਿੱਚ ਦ੍ਰਿੜ੍ਹ ਵਿਸ਼ਵਾਸ ਰੱਖਣਾਂ ਚਾਹੀਦਾ ਹੈ । ਧਰਮ ਹੀ ਲੋਕ ਪਰਲੋਕ ਦਾ ਸਹਾਈ ਹੈ, ਅਤੇ ਧਾਰਮਕ ਨਿਯਮਾਂ ਦੇ ਦ੍ਰਿੜ੍ਹ ਰੱਖਣ ਕਰਕੇ ਹੀ ਧਰਮ ਦ੍ਰਿੜ੍ਹ ਰਹਿ ਸਕਦਾ ਹੈ ॥

ਪਲੇਗ ਤੋਂ ਬਚਣ ਦੇ ਉਪਾਵ

(ਔਣ ਵਾਲੀ ਬਿਪਤਾ ਦੀ ਰੋਕ ਪਹਿਲੇ ਹੀ ਕਰਨੀ ਯੋਗ ਹੈ)

(੧) ਪਲੇਗ ਤੋਂ ਬਚਨ ਵਾਸਤੇ ਦੋ ਤਿੰਨ ਨਿੰਮ ਦੇ ਪੱਤ੍ਰ ਰੋਜ਼ ਖਾਣੇ ਚੰਗੇ ਹਨ ।

(੨) ਇਸੇ ਤਰਾਂ ਤੁਲਸੀ ਦੇ ਪੱਤ੍ਰ ਖਾਣ ਵਾਲੇ ਪਲੇਗ ਤੋਂ ਬਚੇ ਰਹਿੰਦੇ ਹਨ ।

(੩) ਇੱਕ ਰੱਤੀ ਕਾਫੂਰ, ਇੱਕ ਰੱਤੀ ਗੇਰੀ ਹਰ ਰੋਜ਼ ਨਿੰਬੂ ਦੀ ਸ਼ਕੰਜਵੀ ਨਾਲ ਖਾਣ ਵਾਲੇ ਨੂੰ ਪਲੇਗ ਦਾ ਡਰ ਨਹੀਂ ਰਹਿੰਦਾ ।

(੪) ਦਾਲਚੀਨੀ ਦਾ ਤੇਲ ਦੋ ਬੂੰਦਾਂ ਰੋਜ਼ ਖਾਣਾ ਚੰਗਾ ਹੈ ।

(੫) ਹਰ ਰੋਜ਼ ਇੱਕ ਦੋ ਅੱਕ ਦੇ ਲੌਂਗ ਖਾਣ ਵਾਲੇ ਦੇ ਜਿਸਮ ਵਿਚ ਪਲੇਗ ਦੇ ਕੀੜੇ ਅਸਰ ਨਹੀਂ ਕਰ ਸਕਦੇ, ਸਗੋਂ ਆਪ ਮਰ ਜਾਂਦੇ ਹਨ।

(੬) ਆਮ ਲੋਕਾਂ ਦਾ ਖਿਆਲ ਹੈ ਕਿ "ਪਪੀਤਾ" ਗਲੇ ਵਿਚ ਪਹਿਰਨ ਕਰਕੇ ਪਲੇਗ ਦੀ ਬੀਮਾਰੀ ਨਹੀਂ ਹੁੰਦੀ, ਇਸਦਾ ਪਹਿਨਣਾ ਟੀਕੇ ਤੋਂ ਵੀ ਵੱਧ ਗੁਣਕਾਰ ਮੰਨਿਆ ਜਾਂਦਾ ਹੈ, ਇਹ ਇਕ ਪ੍ਰਕਾਰ ਦਾ ਫਲ ਹੁੰਦਾ ਹੈ, ਇਸ ਵਿਚ ਛੇਕ ਪਾ ਲਿਆ ਜਾਂਦਾ ਹੈ, ਅਤੇ ਆਮ ਪਸਾਰੀਆਂ ਤੋਂ ਮਿਲ ਜਾਂਦਾ ਹੈ।

(੭) ਅਜਿਹੇ ਖੌਫ ਦੇ ਦਿਨਾਂ ਵਿਚ ਜਦ ਕਦੇ ਤਬੀਅਤ ਉਦਾਸ ਜਾਂ ਦਬੀ ਜੈਸੀ ਹੋਵੇ, ੫ ਚਾਵਲ ਭਰ ਅੱਛੀ ਕਸਤੂਰੀ ਦਾ ਖਾ ਲੈਣਾ ਬਹੁਤ ਹੀ ਗੁਣਕਾਰ ਹੁੰਦਾ ਹੈ।

(੮) ਮਹਾਂ ਮਾਰੀ ਨਾਸ਼ਕ ਗੋਲੀਆਂ ਅਤੇ "ਪਲੇਗ ਨਾਸ਼ਨ ਰੂਹ" ਦੇ ਵਰਤਨ ਨਾਲ ਸੈਂਕੜੇ ਆਦਮੀ ਪਲੇਗ ਤੋਂ ਬਚੇ ਰਹੇ, ਅਤੇ ਹਜ਼ਾਰਾਂ ਬੀਮਾਰਾਂ ਨੇ ਇਸ ਭਿਆਨਕ ਬੀਮਾਰੀ ਤੋਂ ਛੁਟਕਾਰਾ ਪਾਯਾ।

(੯) ਬੀਮਾਰੀ ਦੇ ਸ਼ੁਰੂ ਹੁੰਦੇ ਸਾਰ ਘਿਉ ਪਿਲਾਨਾ ਬਹੁਤ ਹੀ ਗੁਣ ਕਰਦਾ ਹੈ, ਤੇ ਬੀਮਾਰੀ ਦੀ ਜ਼ਹਿਰ ਰੁਕ ਜਾਂਦੀ ਹੈ, ਕਬਜ਼ ਵਾਸਤੇ ਬਦਾਮ ਰੋਗ਼ਨ ਵਰਤੋ।

(੧੦) ਜ਼ਹਰ ਮੁਹਰਾ, ਦਰਿਆਈ ਨਰੇਲ, ਨਿਰਮਸੀ, ਕਚੂਰ, ਮਿਰਚਾਂ ਚਿੱਟੀਆਂ, ਸੁੰਠ, ਕੇਸਰ ਮੂੰਗਾ, ਰੇਵੰਦ ਖਤਾਈ, ਅਤੇ ਕਸਤੂਰੀ, ਸਮ ਵਜ਼ਨ ਲੈਕੇ ਸਰੀਂਹ ਦੇ ਰਸ ਜਾਂ ਰੂਹ ਕੇਵੜੇ ਜਾਂ ਜਲ ਵਿੱਚ

ਖਰੰਜ਼ ਕਰ ਰੱਤੀ ਰੱਤੀ ਦੀਆਂ ਗੋਲੀਆਂ ਤਿਆਰ ਕਰਕੇ ਘਿਉ ਯਾ ਪਾਣੀ ਨਾਲ ਵਰਤਨੀਆਂ, ਬੀਮਾਰ ਤੇ ਤਨਦਰੁਸਤ ਦੋਹਾਂ ਵਾਸਤੇ ਠੀਕ ਹਨ।

(੧੧) ਫੁੱਲ ਕੀਤੀ ਹੋਈ ਫਟਕੜੀ ਦਾ ਸੇਵਨ ਲਾਭਦਾਇਕ ਹੈ।

(੧੨) ਪਲੇਗ ਦੀ ਗਿਲਟੀ ਪਰ ਭਿਲਾਵੇ ਦਾ ਤੇਲ ਲਗਾਵਨ ਕਰਕੇ ਗਿੱਲਟੀ ਫੁੱਟਕੇ ਅਰਾਮ ਹੋ ਜਾਵੇਗਾ।

(੧੩) ਗਊ ਦੇ ਗੋਹੇ ਦੇ ਰਸ ਵਿਚ ਚਿੱਟੀ ਮਰਚ ਘਿਸਕੇ ਅੱਖਾਂ ਪੈਣ ਕਰਕੇ ਘੂਕੀ (ਬੇਹੋਸ਼ੀ) ਹਟ ਜਾਵੇਗੀ, ਅੰਧਰਾੜੇ ਵਾਸਤੇ ਸਿੱਧ ਹੈ।

(੧੪) ਲਸਣ ਮਿੱਟੀ ਦੇ ਤੇਲ ਵਿਚ ਰਗੜਕੇ ਗਿਲਟੀ ਪਰ ਲਗਾਉਨ ਨਾਲ ਅਰਾਮ ਹੋ ਜਾਵੇਗਾ।

(੧੫) ਪਲੇਗ ਤੋਂ ਬਚਨ ਵਾਸਤੇ ਦਿਲ ਮਜ਼ਬੂਤ ਰੱਖਣ ਜੇਹਾ ਅੱਛਾ ਹੋਰ ਕੋਈ ਉਪਾਵ ਨਹੀਂ ਹੈ।

(੧੬) ਗਿਲਟੀ ਤੇ ਕੁਚਲੇ ਦਾ ਲੇਪ ਸ਼ਰਾਬ, ਸਿਰਕੇ ਜਾਂ ਜਲ ਵਿਚ ਦੋ ਵਾਰੀ ਰੋਜ਼ ਕਰੋ।

(੧੭ ਪਲੇਗ ਦਾ ਟੀਕਾ ਕਰਾਣਾ ਅੱਜ ਕੱਲ ਚੰਗਾ ਲਾਭਦਾਇਕ ਮੰਨਦੇ ਹਨ।

(੧੮) ਗਿਲਟੀ ਤੇ ਬਰਫ਼ ਦਾ ਰੱਖਣਾ ਭੀ ਲਾਭਦਾਇਕ ਦੱਸਦੇ ਹਨ।

ਇਲਾਜ ਕਰਨਵਾਲਿਆਂ ਦੀ ਅਰੋਗਤਾ

ਇਹ ਵਿਚਾਰ ਹਰ ਇਕ ਪ੍ਰਾਣੀ ਮਾਤ੍ਰ ਦੇ ਹਿਰਦ

ਸਿਧ ਹੁੰਦੀ ਹੈ ਕਿ ਇਲਾਜ ਕਰਨ ਵਾਲੇ ਬਹੁਤੇ ਰੋਗਾਂ ਦਾ ਸ਼ਿਕਾਰ ਨਹੀਂ ਹੁੰਦੇ। ਅਤੇ ਪ੍ਰਤੱਖ ਦੇਖਣ ਵਿੱਚ ਭੀ ਇਸੇਤਰਾਂ ਹੀ ਔਂਦਾ ਹੈ। ਇਸ ਲਈ ਵੈਦਾਂ, ਡਾਕਟਰਾਂ ਅਤੇ ਹਕੀਮਾਂ ਦੇ ਤਨਦਰੁਸਤ ਬਣਾਈ ਰਖਣ ਵਾਲੀਆਂ ਇਕ ਦੋ ਬਾਤਾਂ ਦਾ ਪ੍ਰਗਟ ਕਰ ਦੇਣਾ ਆਸ਼ਾ ਹੈ ਪਾਠਕਾਂ ਵਾਸਤੇ ਬਹੁਤ ਹੀ ਲਾਭ ਦਾਇਕ ਹੋਵੇਗਾ:-

ਮਾਮੂਲੀ ਬੁਖਾਰ ਹੋ ਜਾਣ ਕਰਕੇ ਲੋਗ ਘਬਰਾ ਜਾਂਦੇ ਹਨ, ਪਰ ਇਲਾਜ ਕਰਨ ਵਾਲੇ ਆਪਣੇ ਜ਼ਰਾ ਭੀ ਵਿਗਾੜ ਹੁੰਦਾ ਦੇਖਕੇ ਉਸਦਾ ਕਾਰਣ ਸਮਝਕੇ ਝਟ ਪ੍ਰਬੰਧ ਕਰ ਲੈਂਦੇ ਹਨ ਤੇ ਚਿੰਤਾ ਦੇ ਵਹਿਣ ਵਿੱਚ ਨਹੀਂ ਪੈਂਦੇ। ਸਿੱਟਾ ਇਹ ਕਿ ਬਹੁਤੇ ਰੋਗਾਂ ਦਾ ਸ਼ਿਕਾਰ ਭਰਮੀ ਹੁੰਦੇ ਹਨ ਅਤੇ ਇਲਾਜ ਕਰਨ ਵਾਲਿਆਂ ਦੇ ਅਜੇਹੇ ਭਰਮ ਨਹੀਂ ਹੁੰਦੇ। ਰੋਗਾਂ ਤੋਂ ਬਚੇ ਰਹਿਣ (ਤਨਦਰੁਸਤ ਰਹਿਣ) ਵਾਸਤੇ ਜਿਨ੍ਹਾਂ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨਾਂ ਚਾਹੀਦਾ ਹੈ, ਵੈਦ, ਡਾਕਟਰ, ਸਦਾ ਉਨ੍ਹਾਂ ਦਾ ਧਿਆਨ ਰੱਖਦੇ ਹਨ ਇਸੇ ਕਰਕੇ ਸੁਖੀ ਰਹਿੰਦੇ ਹਨ। ਹੋਰ ਲੋਕ ਜੋ ਉਨ੍ਹਾਂ ਨਿਯਮਾਂ ਤੋਂ ਉਲਟ ਕਰਦੇ ਹਨ ਸੋ ਦੁਖ ਪੌਂਦੇ ਹਨ। ਸੋ ਰੋਗਾਂ ਤੋਂ ਬਚੇ ਰਹਿਣ ਵਾਸਤੇ ਭ੍ਰਮਾਂ ਦਾ ਤਿਆਗ ਅਰੋਗਤਾ ਨੂੰ ਸਦਾ ਕਾਇਮ ਰੱਖਣ ਦਾ ਧਿਆਨ ਰੱਖ ਮ੍ਰਿਯਾਦਾ ਦਾ ਅਹਾਰ ਵਿਹਾਰ ਕਰਨਾ ਤੇ ਮਨ ਨੂੰ ਮਜ਼ਬੂਤ ਰੱਖਣਾ ਹੀ ਉੱਤਮ ਉਪਾਵ ਹੈ।

॥ ਇਤਿ ॥

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸਭ ਹੋਰ ਗਾਖਦੇ ਵਡ।

ਪਿਰ ਕੀ ਸਾਰ ਨ ਜਾਣਈ ਸਭ ਸੀਗਾਰੁ ਖੁਆਰ।

ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ।

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੫੫

ਸਿਆਣੀ ਮਾਤਾ

(—ਅਰਥਾਤ—)

ਇੱਕ ਅਭਿਮਾਨ ਭਰੀ, ਫ਼ਜ਼ੂਲ ਖ਼ਰਚ,
ਕੁਚੱਜੀ, ਨਿਕੰਮੀ ਤੇ ਕੁਮੇਲ ਧੀ ਨੂੰ
ਸੁਧਾਰਨ ਸੰਬੰਧੀ ਇੱਕ ਮਾਤਾ ਦੀ
ਅਦੁਤੀ ਸਿਆਣਪ ਭਰੀ
ਵਾਰਤਾ ਹਿੰਦੀ ਦੇ ਆਧਾਰ ਤੇ।

ਲੇਖਕ ਤੇ ਪ੍ਰਕਾਸ਼ਕ:—

ਭਾਈ ਮੋਹਨ ਸਿੰਘ ਵੈਦ

ਮਿਊਨਿਸਿਪਲ ਕਮਿਸ਼ਨਰ

ਤਰਨ ਤਾਰਨ (ਪੰਜਾਬ)

ਜੂਨ ੧੯੧੯

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ।

ਪਹਿਲੀ ਵਾਰ ੧੦੦੦ ਭੇਟਾ ਛੇ ਪੈਸੇ

੧ ਓੰ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

੧.

ਬਾਬੂ ਰਤਨ ਸਿੰਘ ਜੀ ਇੱਕ ਅੰਗ੍ਰੇਜ਼ੀ ਫਰਮ ਵਿੱਚ ਹੈਡ ਕਲਰਕ ਹਨ, ਤਨਖਾਹ ੧੫੦) ਡੂਢ ਸੈ ਰੁਪਯਾ ਮਹੀਨਾ ਹੈ। ਕੇਵਲ ਦੋ ਆਦਮੀਆਂ ਅਰਥਾਤ ਇਸਤ੍ਰੀ ਭਰਤਾ ਵਾਸਤੇ ਡੂਢ ਸੌ ਰੁਪਯਾ ਥੋਹੜਾ ਨਹੀਂ, ਪਰ ਫੇਰ ਭੀ ਬਾਬੂ ਰਤਨ ਸਿੰਘ ਜੀ ਸਦਾ ਖਰਚ ਤੋਂ ਤੰਗ ਹੀ ਰਹਿੰਦੇ ਸਨ। ਕਾਰਨ ਇਹ ਕਿ ਉਨ੍ਹਾਂ ਦੀ ਇਸਤ੍ਰੀ ਬੀਬੀ ਚੰਦ੍ਰਾਵਤੀ ਬੜੀ ਹੀ ਫ਼ਜ਼ੂਲ ਖਰਚ ਹੈ। ਏਥੋਂ ਤੱਕ ਕਿ ਜੇ ਇੱਕ ਹਜ਼ਾਰ ਰੁਪਯਾ ਮਹੀਨਾ ਭੀ ਉਸਨੂੰ ਮਿਲੇ ਤਦ ਭੀ ਥੋਹੜਾ ਹੈ। ਜਦੋਂ ਦੇਖੋ ਬੂਹੇ ਤੇ ਬਜਾਜ ਖੜਾ ਹੈ। ਅਜੇ ਬਜਾਜ ਤੋਂ ਛੁੱਟੀ ਨਹੀਂ ਪਾਈ ਕਿ ਚੂੜੀਆਂ ਵਾਲਾ ਆਨ ਪਹੁੰਚਾ। ਚੂੜੀਆਂ ਵਾਲਾ ਆਪਣੀ ਝੱਗੀ ਸੰਭਾਲ ਹੀ ਰਿਹਾ ਹੈ, ਤਾਂ ਉਸੇ ਵੇਲੇ ਕੰਜ ਫੀਤਿਆਂ ਵਾਲਾ ਆਨ ਪਹੁੰਚਾ। ਵਿਚਾਰੇ ਰਤਨ ਸਿੰਘ ਨੂੰ ਬਿੱਲ ਚਕਦੇ ਕਰਦੇ ਕਰਦੇ ਹੀ ਨੱਕ ਵਿੱਚ ਦਮ ਰਹਿੰਦਾ ਹੈ ਤੇ ਸਦਾ ਕਰਜ਼ਦਾਰ ਹੀ ਰਹਿਣਾ ਪੈਂਦਾ ਹੈ। ਪਰ ਇਹ ਸਭ ਤੰਗੀ ਸਹਿੰਦੇ ਹੋਏ ਭੀ ਬਾਬੂ ਜੀ ਆਪਣੀ ਇਸਤ੍ਰੀ ਦੇ ਸੁਭਾਵ ਤੇ ਜੈ ਪ੍ਰਾਪਤਿ ਨਹੀਂ ਕਰ ਸਕਦੇ। ਇਸਦਾ ਕਾਰਨ ਇਹ ਹੈ ਕਿ ਓਹ ਉਸਨੂੰ ਪ੍ਰਾਣਾਂ ਤੋਂ ਭੀ ਵੱਧ ਪਿਆਰ ਕਰਦੇ ਹਨ। ਪ੍ਰਾਣ ਭਾਵੇਂ ਚਲੇ ਜਾਵਨ ਪਰ ਪਿਆਰੀ ਇਸਤ੍ਰੀ ਦਾ ਦਿਲ ਨਾ ਦੁਖੇ। ਇਸਤੋਂ ਸਿਵਾਇ ਇੱਕ ਗੱਲ ਹੋਰ ਭੀ ਹੈ ਕਿ "ਚੰਦ੍ਰਵਤੀ" ਦੇ ਪੇਕੇ (ਮਾਪੇ) ਏਸੇ ਹੀ ਸ਼ਹਰ ਵਿੱਚ

ਹਨ, ਏਸ ਵਾਸਤੇ ਜਦ ਰਤਨ ਸਿੰਘ ਨੇ ਜ਼ਰਾ ਭੀ ਕੁਝ ਕਿਹਾ ਸੁਣਿਆਂ ਬੱਸ "ਚੰਦ੍ਰਵਤੀ" ਉਸੇ ਵੇਲੇ ਰੁੱਸ ਕੇ ਆਪਣੇ ਪੇਕੇ ਤੁਰ ਜਾਂਦੀ ਹੈ ਤੇ ਬਿਨਾਂ ਪੂਰੀ ਮਿਹਨਤ ਕਰਾਏ ਉਹ ਪਤੀ ਦੇ ਘਰ ਨਹੀਂ ਔਂਦੀ। ਰਤਨ ਸਿੰਘ ਭੀ ਦੋ ਚਾਰ ਦਿਨ ਤਾਂ ਆਪਣੇ ਹਿਰਦੇ ਨੂੰ ਸਮਝਾ ਸਮਝਾ ਕੇ ਵੱਸ ਵਿੱਚ ਰੱਖਦਾ ਪਰ ਜਦ ਦੋ ਚਾਰ ਦਿਨ ਪ੍ਰਾਣ ਪਿਆਰੀ ਦਾ ਚੰਦ੍ਰ ਮੁਖ ਵੇਖਣਾ ਨਸੀਬ ਨਾ ਹੁੰਦਾ ਤਦ ਉਸਦਾ ਹਿਰਦਾ ਇਕ ਦਮ ਰੱਸੀਆਂ ਤੁੜਾਨ ਲਗ ਜਾਂਦਾ, ਤਦ ਵਿਚਾਰਾ ਬੇਵਸਾ ਹੋਕੇ ਸਹੁਰੇ ਘਰ ਜਾਂਦਾ ਅਤੇ ਜਿਸ ਕਿਸ ਤਰਾਂ ਚੰਦ੍ਰਵਤੀ ਨੂੰ ਮਨਾ ਮਨੂ ਕੇ ਘਰ ਲੈ ਔਂਦਾ। ਉਨ੍ਹਾਂ ਦੀ ਇਹ ਨਿਰਬਲਤਾ "ਚੰਦ੍ਰਵਤੀ" ਦਾ ਹੌਂਸਲਾ ਹੋਰ ਭੀ ਵਧਾ ਦਿੰਦੀ।

ਇੱਕ ਦਿਨ ਬਾਬੂ ਜੀ ਪ੍ਰਸ਼ਾਦ ਛਕਕੇ ਆਪਣੀ ਬੈਠਕ ਵਿੱਚ ਦਫ਼ਤ੍ਰ ਜਾਣ ਦੀ ਤਿਆਰੀ ਕਰ ਰਹੇ ਸਨ ਕਿ ਨੌਕਰ ਨੇ ਆਕੇ ਕਿਹਾ ਕਿ:—"ਬਾਬੂ ਜੀ ਬਜਾਜ ਆਯਾ ਹੈ?"

ਰਤਨ ਸਿੰਘ ਦਾ ਦਿਲ ਧੜਕਨ ਲੱਗ ਗਿਆ, ਵਾਹਿਗੁਰੂ ਸੁੱਖ ਕਰੇ, ਪਤਾ ਨਹੀਂ ਏਸ ਮਹੀਨੇ ਕਿੰਨੇ ਦੀ ਕੁਰਕੀ ਹੈ, ਸਹਜ ਨਾਲ ਆਖਣਾ "ਹੱਛਾ ਸੱਦ ਲਿਆ"। ਬਜਾਜ ਹਾਜ਼ਰ ਹੋ ਗਿਆ। ਬਾਬੂ ਰਤਨ ਸਿੰਘ ਜੀ ਨੇ ਪੁੱਛਿਆ ਦੱਸੋ ਕਿਸ ਤਰਾਂ ਆਏ?

ਬਜਾਜ—ਬਾਬੂ ਜੀ! ਐਵੇਂ ਹੀ ਬੰਦਗੀ, ਅਰਜ਼ ਕਰਨ ਨੂੰ ਆਯਾ ਹਾਂ।

ਬਾਬੂ:—ਗੱਲ ਕੀਹ ਹੈ? ਕੀਹ ਕੁਝ ਰੁਪਏ ਬਾਕੀ ਹਨ?

ਬਜਾਜ:—ਜੀ ਹਾਂ ! ਕੋਈ ਫਿਕਰ ਦੀ ਗੱਲ ਨਹੀਂ, ਹੁਣ ਤਾਂ ਤੁਸੀ ਦਫਤ੍ਰ ਜਾ ਰਹੇ ਹੋ ਫੇਰ ਸਹੀ, ਕੋਈ ਕਾਹਲ ਹੈ?

ਬਾਬੂ—ਅੱਛਾ, ਪਰਚਾ ਲਿਆਏ ਹੋ ?

ਬਜਾਜ ਨੇ ਝੱਟ ਪਰਚਾ (ਬਿੱਲ) ਫੜਾ ਦਿੱਤਾ।

ਪਰਚਾ ਵੇਖਦੇ ਹੀ ਬਾਬੂ ਦਾ ਚੇਹਰਾ ਉਦਾਸ ਹੋ ਗਿਆ, ਘਬਰਾ ਕੇ ਬੋਲੇ: ਹੈਂ! ਪੰਜਾਹ ਰੁਪਏ ਸਾਢੇ ਛੇ ਆਨੇ? ਇਸ ਮਹੀਨੇ ਬਹੁਤ ਕੱਪੜੇ ਆਏ!

ਬਜਾਜ:— (ਹੱਸਕੇ) ਬਾਬੂ ਜੀ! ਬਹੁਤ ਤਾਂ ਕੋਈ ਨਹੀਂ, ਹੁਣ ਤਾਂ ਬਹੁਤ ਖਰੀਦ ਹੀ ਨਹੀਂ ਰਹੀ, ਪਤਾ ਨਹੀਂ ਸਾਡੇ ਤੇ ਕੁਝ ਨਾਰਾਜ਼ਗੀ ਹੈ। ਪਿਛਲੇ ਮਹੀਨੇ ਪੂਰੇ ਸੌ ਰੁਪਏ ਦਾ ਕੱਪੜਾ ਖਰੀਦ ਹੋਇਆ ਸੀ, ਇਸ ਮਹੀਨੇ ਤਾਂ ਸਗੋਂ ਬਹੁਤ ਵੱਟਣ ਦੀ ਆਸ ਸੀ। ਬਾਬੂ ਜੀ ਬੜੇ ਹੀ ਖਿਝੇ, ਪੰਜਾਹ ਰੁਪਏ ਅੱਭਰ ਗਏ ਅਰ ਇਹ ਭਲਾ ਲੋਕ ਆਖਦਾ ਹੈ ਕੁਝ ਖਰੀਦਿਆ ਹੀ ਨਹੀਂ। ਇਹਨਾਂ ਨੇ ਭੀ "ਚੰਦ੍ਰਵਤੀ" ਨੂੰ ਨਵੇਂ ੨ ਕੱਪੜੇ ਆਦਿ ਵਖਾ ੨ ਕੇ ਫਜ਼ੂਲ ਖਰਚ ਬਣਾ ਦਿੱਤਾ ਹੈ। ਪਤਾ ਨਹੀਂ ਇਹ ਬੇਈਮਾਨ ਕਿਥੋਂ ੨ ਢੂੰਢ ਲਿਔਂਦਾ ਹੈ!

ਅੱਛਾ! ਅਗਲੇ ਐਤਵਾਰ ਆਕੇ ਲੈ ਜਾਣਾ। ਏਹ ਆਖ ਬਾਬੂ ਜੀ ਨੇ ਬਜਾਜ ਨੂੰ ਵਿਦਿਆ ਕੀਤਾ ਤੇ ਕਪੜੇ ਪਾਕੇ ਦਫਤ੍ਰ ਜਾਣ ਵਾਸਤੇ ਬਾਹਰ ਨਿਕਲੇ, ਨੌਕਰ ਨੇ ਹੱਥ ਵਿਚ "ਸਾਈਕਲ" ਫੜਾਇਆ, ਬਾਬੂ ਜੀ ਸਵਾਰ ਹੋਣ ਹੀ ਲੱਗੇ ਸਨ ਕਿ ਇੱਕ ਆਦਮੀ ਨੇ ਝੁਕ ਕੇ ਸਲਾਮ ਕੀਤੀ।

ਬਾਬੂ ਜੀ:—ਇਹ ਕੀਹ ਹੈ ?

ਆਦਮੀ:—ਹਜ਼ੂਰ! ਰਾਮ ਨਰਾਇਣ ਦੀ ਦੁਕਾਨ ਦਾ

ਪਰਚਾ ਲਿਆਂਦਾ ਹਾਂ।

ਬਾਬੂ:-ਰਾਮ ਨਰਾਇਣ ਕੌਣ?

ਆਦਮੀ:-ਜੀ! ਜਿਨ੍ਹਾਂ ਤੋਂ ਰੋਟਾ ਕਨਾਰੀ ਔਂਦਾ ਹੈ। (ਥੋਹੜਾ ਹੱਸ ਕੇ) ਹਜ਼ੂਰ ਤਾਂ ਭੁੱਲ ਹੀ ਜਾਂਦੇ ਹਨ।

ਰਤਨ ਸਿੰਘ ਦੇ ਪਾਣ ਖੁਸ਼ਕ ਹੋ ਗਏ, ਉੱਪਰ ਤੋਂ ਲੀਆ ਸੁਧਾਰਕੇ ਬੋਲਿਆ ਕਿ ਲਿਆ ਵੇਖਾਂ। ਪਰਚਾ ਵੇਖਣਾ ਤਦ ੨੫॥-)ਪੰਝੀ ਰੁਪਏ ਨੌ ਆਨੇ, ਲੌ। ਇਸ ਮਹੀਨੇ ਦੀ ਅੱਧੀ ਤਨਖਾਹ ਤਾਂ ਟਿਕਾਣੇ ਲੱਗ ਗਈ ਤੇ ਅਜੇ ਤਨਖਾਹ ਮਿਲਨ ਵਿਚ ਦਸ ਦਿਨ ਬਾਕੀ ਹਨ! ਬਾਬੂ ਜੀ ਦਾ ਗਲਾ ਸੁੱਕ ਗਿਆ, ਸੁੱਕੀ ਅਵਾਜ਼ ਆਖਿਆ ਕਿ:-ਹੱਛਾ ਦੂਜੀ ਨੂੰ ਲੈ ਜਾਣਾ।

੨.

ਬਾਬੂ ਰਤਨ ਸਿੰਘ ਨੂੰ ਦਫ਼ਤ੍ਰ ਗਏ ਦੋ ਘੰਟੇ ਬੀਤ ਚੁੱਕੇ ਹਨ, ਚੰਦ੍ਰਵਤੀ ਪਲੰਘ ਤੇ ਪਈ ਸ਼ੀਸ਼ਾ ਦੇਖ ਰਹੀ ਹੈ,ਏਨੇ ਨੂੰ ਨੌਕਰਾਣੀ ਛੇਤੀ ੨ ਆਈ ਤੇ ਆਖਿਆ ਕਿ-"ਬੀਬੀ ਜੀ! ਬਜਾਜ ਬੜੇ ਹੀ ਚੰਗੇ ੨ ਰੇਸ਼ਮੀ ਦੁਪੱਟੇ ਲੈਕੇ ਆਇਆ ਹੈ। ਚੰਦ੍ਰਵਤੀ ਉੱਛਲ ਕੇ ਪਲੰਘ ਤੇ ਬੈਠ ਗਈ ਤੇ ਪੁੱਛਣਾ ਕਿ ਕੀ ਰੇਸ਼ਮੀ ਦੁਪੱਟੇ ?

ਨੌਕਰਾਣੀ-ਜੀ ਹਾਂ! ਰੇਸ਼ਮੀ ਬੜੇ ਹੀ ਸੋਹਣੇ ੨।

ਚੰਦ੍ਰਵਤੀ-(ਕੁਝ ਸੋਚਕੇ) ਰੇਸ਼ਮੀ ਦੁਪੱਟੇ ਤਾਂ ਸੱਤ ਅੱਠ ਅਜੇ ਨਵੇਂ ਪਏ ਹਨ, ਹੋਰ ਕੀ ਕਰਨੇ ਹਨ, ਆਖ ਦੇਹ ਕਿ ਕੋਈ ਲੋੜ ਨਹੀਂ।

ਨੌਕਰਾਣੀ ਚਲੀ ਗਈ ਤੇ ਫੇਰ ਮੁੜਕੇ ਆਖਣਾ ਕਿ ਬਜਾਜ ਆਖਦਾ ਹੈ ਕਿ ਖਰੀਦ ਭਾਵੇਂ ਨਾਂ ਹੀ ਕਰਨੀ

ਪਰ ਇਕ ਵਾਰੀ ਵੇਖ ਜਰੂਰ ਲਵੋ।

ਚੰਦ੍ਰਵਤੀ-ਹਾਂ ਵੇਖਣ ਦਾ ਕੀ ਡਰ ਹੈ? ਚੱਲ। ਏਹ ਆਖ ਬਾਬੂ ਦੀ ਬੈਠਕ ਵਿਚ ਗਈ, ਬਾਹਰ ਬੂਹੇ ਅੱਗੇ ਬਜਾਜ਼ ਬੈਠ ਗਿਆ, ਚੰਦ੍ਰਵਤੀ ਨੇ ਬੂਹੇ ਦੇ ਪਿੱਛੇ ਬੈਠਕੇ ਨੌਕਰਾਣੀ ਨੂੰ ਆਖਿਆ ਕਿ ਲਿਆ ਵੇਖਾਂ?

ਬਜਾਜ਼ ਨੇ ਇਕ ਕੱਪੜੇ ਵਿੱਚ ਲਪੇਟੇ ਹੋਏ ਤਿੰਨ ਚਾਰ ਦੁਪੱਟੇ ਦੇਕੇ ਆਖਿਆ ਕਿ:-ਬੀਬੀ ਜੀ! ਐਤਕੀ ਓਹ ਚੀਜ਼ ਲਿਆਇਆ ਹਾਂ ਜੋ ਹਜ਼ਾਰਾਂ ਵਿੱਚ ਇੱਕ। ਸ਼ਹਰ ਭਰ ਵਿੱਚ ਇਸ ਨਾਲ ਦਾ ਮਾਲ ਹੋਵੇ ਤਦ ਗੱਲ ਕਰਨੀ ਹੀ ਛੱਡ ਦੇਵਾਂ।

ਚੰਦ੍ਰਵਤੀ ਨੇ ਦੁਪੱਟੇ ਖੋਹਲਕੇ ਵੇਖੇ, ਓਹੋ! ਕੇਹਾ ਸੁੰਦਰ ਹੈ! ਪ੍ਰਸੰਨ ਹੋਕੇ ਨੌਕਰਾਣੀ ਨੂੰ ਆਖਿਆ ਕਿ:-ਮੰਗਲਾਂ! (ਨੌਕਰਾਣੀ)ਦੁਪੱਟੇ ਤਾਂ ਬੜੇ ਹੀ ਸੋਹਣੇ ਹਨ! ਰੰਗ ਬੜਾ ਹੀ ਸੁੰਦਰ ਹੈ।

ਬਜਾਜ਼ ਨੇ ਏਹ ਸੁਣਕੇ ਤਾਰੀਫ ਦੇ ਪੁਲ ਹੀ ਬੰਨ੍ਹ ਦਿੱਤੇ। ਬੀਬੀ ਜੀ! ਏਹ ਚੀਜ਼ ਵੱਡੇ ਵੱਡੇ ਲੱਖਪਤੀਆਂ ਦੇ ਘਰ ਭੀ ਨਹੀਂ ਮਿਲੇਗੀ, ਮੇਰੀ ਸਲਾਹ ਤੇ ਇੱਕ ਲੈ ਲਵੋ, ਜੋ ਵੇਖੇਗਾ ਕਹੇਗਾ ਕਿ ਹਾਂ ਏਹ ਭੀ ਕੋਈ ਕੱਪੜਾ ਹੈ।

ਚੰਦ੍ਰਵਤੀ ਨੇ ਪੁਛਵਾਯਾ ਕਿ ਏਹ ਗੁਲਾਬੀ ਦੁਪੱਟਾ ਕਿੰਨੇ ਦਾ ਹੈ?

ਬਜਾਜ਼-ਜੀ ਲੈ ਲਵੋ! ਤੁਹਾਡੇ ਨਾਲ ਮੁੱਲ ਦੀ ਗੱਲ ਥੋੜੀ ਹੀ ਹੈ, ਤੁਹਾਡਾ ਲੂਣ ਵਰਿਹਾਂ ਤੋਂ ਖਾਂਦੇ ਹਾਂ! ਭਾਗਵਾਨ ਤੋਂ ਸਾਨੂੰ ਭੀ ਚਾਰ ਪੈਸੇ ਦਾ ਸਹਾਰਾ

ਹੋ ਜਾਂਦਾ ਹੈ, ਐਂਤਰੇ ਕੰਬਖਤ ਕੀਹ ਆਪ ਖਾਣ ਤੇ ਕੀਹ ਦੂਜਿਆਂ ਨੂੰ ਦੇਣ।

ਚੰਦ੍ਰਵਤੀ ਨੇ ਅਖਵਾਯਾ–ਮੁੱਲ ਦੱਸੋ, ਪਰ ਵਾਜਬੀ ਦੱਸਣਾ।

ਬਜਾਜ–(ਹੱਸਕੇ) ਸਾਡੇ ਬੀਬੀ ਜੀ ਭੀ ਕੀਹ ਗੱਲਾਂ ਕਰਦੇ ਹਨ। ਭਲਾ ਤੁਹਾਥੋਂ ਬਹੁਤਾ ਮੁੱਲ ਲਾਵਾਂਗੇ? ਰੋਜ ਦੇ ਗਾਹਕ ਨਾਲ ਸਿਆਣਪ ਨਹੀਂ ਚਲਦੀ। ਬੀਬੀ ਜੀ! ਗੱਲ ਇਹ ਹੈ ਕਿ ਅੱਜ ਕੱਲ ਸਹੁਰੀ ਲੜਾਈ ਦੇ ਸਬੱਬ ਕੱਪੜੇ ਤੇ ਅੱਗ ਵਰਸ ਰਹੀ ਹੈ, ਭਲਾ ਕਦੇ ੭੬) ਮਣ ਰੂੰ ਦੇਖੀ ਸੁਣੀ ਸੀ। ਇਹ ਰੇਸ਼ਮੀ ਮਾਲ ਤਾਂ ਅੱਜ ਹੋਰ ਕਿਤੇ ਸਾਥੋਂ ਦੋਗੁਣੇ ਮੁੱਲ ਤੋਂ ਭੀ ਨਹੀਂ ਮਿਲਦਾ, ਹਾਂ! ਇਸ ਦੁਪੱਟੇ ਦੇ ਤੁਹਾਥੋਂ ੪੦) ਰੁਪਏ ਲਵਾਂਗੇ, ਅਠੱਤੀ ਰੁਪਏ ਦੀ ਸਾਡੀ ਖ਼ਰੀਦ ਹੈ, ਕੇਵਲ ਦੋ ਰੁਪਯੇ ਨਫਾ ਰੱਖਯਾ ਹੈ। ਕੋਈ ਵੱਧ ਨਹੀਂ

ਚੰਦ੍ਰਵਤੀ ਨੇ ਦੁਪੱਟਾ ਲੈ ਲਿਆ ਤੇ ਆਖਿਆ ਕਿ ਮੁੱਲ ਬਾਬੂ ਜੀ ਤੋਂ ਲੈ ਲੈਣਾ।

ਬਜਾਜ–ਜੀ ਮੁੱਲ ਦੀ ਕੇਹੜੀ ਗੱਲ ਹੈ, ਕੋਈ ਫਿਕਰ ਨਹੀਂ, ਬਾਬੂ ਜੀ ਨੇ ਪਿਛਲਾ ਹਸਾਬ ਅਗਲੇ ਐਤਵਾਰ ਨਬੇੜਨ ਵਾਸਤੇ ਆਖਯਾ ਸੀ, ਇਹ ਭੀ ਉੱਸੇ ਵਿੱਚ ਜੋੜ ਲਵਾਂਗੇ ਤੇ ਸਾਰਾ ਹਸਾਬ ਚੁਕਾ ਲਵਾਂਗੇ ਕੋਈ ਡਰ ਨਹੀਂ।

੩.

ਸੰਧਯਾ ਵੇਲੇ ਦਫ਼ਤਰ ਤੋਂ ਮੁੜਨ ਤੇ ਬਾਬੂ ਜੀ ਨੂੰ ਚੰਦ੍ਰਵਤੀ ਨੇ ਮੁਸਕ੍ਰਾਕੇ ਆਖਿਆ ਕਿ ਅੱਜ ਤੁਹਾਨੂੰ

ਇੱਕ ਅਜਿਹੀ ਚੀਜ਼ ਵਖਾਵਾਂ ਕਿ ਵੇਖਕੇ ਤੁਸੀ ਭੀ
ਆਖੋ ਕਿ ਹਾਂ।

ਰਤਨ ਸਿੰਘ ਦਾ ਸਾਰੇ ਦਿਨ ਦੀ ਮੇਹਨਤ ਨਾਲ
ਕੁਮਲਾਯਾ ਹੋਇਆ ਮੁਖੜਾ ਖਿੜ ਉਠਿਆ।
ਚੰਦ੍ਰਵਤੀ ਦਾ ਹਸਦਾ ਮੁਖੜਾ ਵੇਖਕੇ ਉਸਦੀ ਸਾਰੀ
ਥਕਾਵਟ ਲਹਿ ਗਈ। ਮੁਸਕ੍ਰਾਕੇ ਬੋਲਿਆ ਕਿ
ਮੇਰਾ ਮਨ ਤਾਂ ਜਿਨਾਂ ਤੁਹਾਡਾ ਮੁਖ ਕਮਲ ਵੇਖਕੇ
ਪ੍ਰਸੰਨ ਹੁੰਦਾ ਹੈ ਉਨਾਂ ਹੋਰ ਕੁਝ ਭੀ ਵੇਖਕੇ ਨਹੀਂ ਹੁੰਦਾ।

ਚੰਦ੍ਰਵਤੀ ਮੂੰਹ ਬਣਾਕੇ ਚੰਚਲਤਾ ਨਾਲ ਬੋਲੀ।
ਜਾਓ ਤੁਹਾਨੂੰ ਸਦਾ ਦਿਲ ਲਗੀ ਹੀ ਸੁੱਝਦੀ ਹੈ॥

ਬਾਬੂ–ਪਿਆਰ ਕਰਕੇ, ਤੁਸੀ ਦਿਲ ਲਗੀ
ਹੀ ਸਮਝੋ।

ਚੰਦ੍ਰਵਤੀ–(ਨਖਰੇ ਨਾਲ)–ਨਹੀਂ ਸੱਚੀਂ, ਅੱਜ
ਮੈਂ ਇੱਕ ਬੜੀ ਹੀ ਚੰਗੀ ਵਧੀਆ ਚੀਜ਼ ਖਰੀਦ
ਕੀਤੀ ਹੈ।

ਰਤਨ ਸਿੰਘ ਦਾ ਖਿੜਿਆ ਹੋਇਆ ਮੁਖੜਾ
ਛੂਈ ਮੂਈ (ਲਾਜਵੰਤੀ) ਦੀ ਤਰਾਂ ਕੁਮਲਾ ਗਿਆ,
ਸਾਰੀ ਰਸਿਕਤਾ ਭੁੱਲ ਗਈ, ਘਬਰਾਕੇ ਕਿਹਾ, ਕੇਹੜੀ
ਚੀਜ਼ ਖਰੀਦੀ ਹੈ, ਵੇਖਾਂ।

ਚੰਦ੍ਰਵਤੀ ਨੇ ਪਤੀ ਦੇ ਮੂੰਹ ਦਾ ਭਾਵ ਬਦਲਦਾ
ਨਹੀਂ ਵੇਖਿਆ, ਉਹ ਪ੍ਰਸੰਨਤਾ ਭਰੀ ਜਾਕੇ ਦੁਪੱਟਾ ਲੈ
ਆਈ ਤੇ ਪਤੀ ਦੇ ਹੱਥ ਦੇਕੇ ਬੋਲੀ, ਵੇਖੋ ਕੇਹਾ
ਸੋਹਣਾ ਦੁਪੱਟਾ ਹੈ।

ਰਤਨ ਸਿੰਘ ਨੇ ਦੁਪੱਟਾ ਉਲਟ ਪੁਲਟਕੇ

ਵੇਖਿਆ ਤੇ ਪੁੱਛਿਆ ਕਿ ਏਹ ਕਦੋਂ ਖਰੀਦ ਕੀਤਾ ਹੈ ?

ਚੰਦ੍ਰਵਤੀ-ਅੱਜ ।

ਰਤਨ ਸਿੰਘ-ਕਿੰਨੇ ਨੂੰ ਲਿਆ ਹੈ ?

ਚੰਦ੍ਰਵਤੀ-ਭਲਾ ਦੱਸੋ ਕਿੰਨੇ ਦਾ ਹੋਵੇਗਾ ?

ਰਤਨ ਸਿੰਘ-ਕੋਈ ਪੰਝੀ ਤੀਹ ਰੁਪਏ ਦਾ ਹੋਵੇਗਾ ।

ਚੰਦ੍ਰਵਤੀ-ਮੂੰਹ ਬਣਾਕੇ । ਹੂੰ । ਪੰਝੀ ਤੀਹ ਦਾ । ਭਲਾ ਏਨੇਂ ਨੂੰ ਲਿਆ ਤਾਂ ਦੇਵੇ, ਤਦ ਜਾਣਾਂ ।

ਰਤਨ ਸਿੰਘ-ਤਦ ਫੇਰ ਕਿੰਨੇ ਦਾ ਹੈ ?

ਚੰਦ੍ਰਵਤੀ-ਤੁਸੀ ਲੈਣ ਜਾਂਦੇ ਤਦ ਪੰਜਾਹ ਤੋਂ ਘੱਟ ਨਾਂ ਮਿਲਦਾ, ਪਰ ਮੈਂ ਚਾਲੀ ਰੁਪਏ ਤੋਂ ਲਿਆ ਹੈ । ਚੰਗਾ ਹੈ ?

ਰਤਨ ਸਿੰਘ-ਮੁੱਲ ਦੇ ਦਿੱਤਾ ਹੈ ?

ਚੰਦ੍ਰਵਤੀ-ਮੁੱਲ ਮੇਰੇ ਪਾਸ ਕਿੱਥੇ ਸੀ, ਤੁਸੀਂ ਦੇ ਦੇਣਾ ।

ਰਤਨ ਸਿੰਘ ਬੜਾ ਹੀ ਅਚਰਜ ਹੋਇਆ, ਮਨ ਹੀ ਮਨ ਕੁੜ੍ਹਕੇ ਸੋਚਣ ਲੱਗਾ ਕਿ ਕੀਹ ਉਪਾ ਕੀਤਾ ਜਾਵੇ । ਚੰਦ੍ਰਵਤੀ ਦੀ ਏਹ ਬੁਰੀ ਵਾਦੀ ਕਿਸਤਰਾਂ ਹਟੇ । ਪਹਿਲੇ ਤਾਂ ਉਨ੍ਹਾਂ ਦਾ ਏਹ ਵਿਚਾਰ ਹੋਇਆ ਕਿ ਚਲੋ ਜਾਣ ਦਿਓ, ਕਿਤੋਂ ਕਰਜਾ ਲੈਕੇ ਦੇ ਦੇਵਾਂਗੇ । ਫੇਰ ਸੋਚਿਆ ਕਿ ਜੇ ਇੱਕ ਦਿਨ ਦੀ ਏਹ ਸੱਟ ਹੋਵੇ ਤਾਂ ਅਜੇਹਾ ਹੋ ਸਕਦਾ ਹੈ, ਏਸ ਭਾਗਵਾਨ ਦਾ ਤਾਂ ਨਿੱਤ ਹੀ ਏਹੋ ਹਾਲ ਹੈ, ਹਾਇ ! ਮੈਂ ਤਾਂ ਰਾਤ ਦਿਨ ਲਹੂ ਪਾਣੀ ਕਰਕੇ ਇੰਨਾਂ ਕਮੌਂਦਾ ਹਾਂ, ਪਰ ਏਹ ਏਸ

ਤਰਾਂ ਧੁੱਪ ਦੀ ਤਰਾਂ ਉਡਾ ਦਿੰਦੀ ਹੈ। ਇਹ ਸੋਚਕੇ ਉਸਨੂੰ ਕ੍ਰੋਧ ਆਯਾ, ਅਰ ਕੁਝ ਆਖਣ ਨੂੰ ਹੀ ਸੀ, ਪਰ ਜਿਉਂ ਹੀ ਚੰਦ੍ਰਵਤੀ ਦੇ ਚੰਦ੍ਰਮਾਂ ਜੇਹੇ ਮੁਖੜੇ ਤੇ ਨਜ਼ਰ ਪਈ, ਤਦ ਸਾਰਾ ਕ੍ਰੋਧ ਕਾਫੂਰ ਹੋ ਗਿਆ ਅਰ ਸੋਚਿਆ ਕਿ ਚਲੋ ਜਾਣ ਦਿਓ, ਹੁਣ ਲੈ ਤਾਂ ਲਿਆ ਹੀ ਹੈ, ਫੇਰ ਸਮਝਾ ਲਵਾਂਗਾ। ਇਹ ਸੋਚਕੇ ਉਹ ਮੂੰਹ ਤੇ ਪ੍ਰਸੰਨਤਾ ਦਾ ਭਾਵ ਲਿਆਣ ਹੀ ਲੱਗਾ ਸੀ ਕਿ ਉਸਦੇ ਅੰਤਹ ਕਰਨ ਵਿੱਚੋਂ ਅਵਾਜ਼ ਆਈ ਕਿ "ਰਤਨ ਸਿੰਘ! ਤੇਰੀ ਇਸ ਕਮਜ਼ੋਰੀ ਦੇ ਕਾਰਨ ਹੀ ਚੰਦ੍ਰਵਤੀ ਦਿਨੋ ਦਿਨ ਵਿਗੜਦੀ ਜਾਂਦੀ ਹੈ, ਜੇਕਰ ਇਸਦਾ ਉਪਾ ਛੇਤੀ ਨਾਂ ਕੀਤਾ ਜਾਵੇਗਾ ਤਦ ਸੱਤਯਾਨਾਸ ਹੋਣ ਵਿੱਚ ਚਿਰ ਨਹੀਂ।" ਇਹ ਵਿਚਾਰ ਔਂਦੇ ਹੀ ਬਾਬੂ ਜੀ ਸੰਭਲ ਗਏ, ਅਤੇ ਉਨਾਂ ਨੂੰ ਫੇਰ ਕੁਝ ਕ੍ਰੋਧ ਭਰ ਆਯਾ॥

ਚੰਦ੍ਰਵਤੀ ਪਤੀ ਨੂੰ ਇਸ ਤਰਾਂ ਸਿਰ ਨੀਵਾਂ ਪਾਈ ਸੋਚਾਂ ਵਿੱਚ ਵੇਖਕੇ ਕੁਝ ਉਦਾਸ ਹੋਕੇ ਬੋਲੀ ਕਿ ਕਿਉਂ ਕੀਹ ਸੋਚ ਰਹੇ ਹੋ?

ਰਤਨ ਸਿੰਘ-(ਗੁੱਸੇ ਨਾਲ) ਸੋਚਣਾ ਕੀਹ ਹੈ। ਤੂੰ ਕੁਝ ਸਮਝਦੀ ਬੁਝਦੀ ਨਹੀਂ। ਜੋ ਜੀ ਆਵੇ ਸੋ ਕਰਦੀ ਹੈਂ। ਅਜੇ ਪਿਛਲੇ ੭੫) ਤੋਂ ਵਧ ਦੇਣੇ ਹਨ, ਚਾਲੀ ਏਹ ਹੋ ਗਏ, ਬਾਕੀ ਬਚੇ ਕੁੱਲ ੩੫) ਏਨ੍ਹਾਂ ਪੈਂਤੀ ਰੁਪਯਾਂ ਵਿਚ ਮਹੀਨੇ ਭਰ ਦਾ ਖਾਣਾ, ਪੀਣਾਂ, ਨੌਕਰਾਂ ਦੀ ਤਨਖਾਹ ਆਦਿ ਕਿਸਤਰਾਂ ਨਿਭਗੀ? ਤੈਨੂੰ ਕੁਝ ਹੋਸ਼ ਨਹੀਂ ਔਂਦੀ, ਮੈਂ ਕਰਜ਼ ਹੇਠ ਦਬਦਾ ਜਾਂਦਾ ਹਾਂ, ਲੋਕ ਤੇ ਸੈਂਦੀ ਆਖਦੇ ਹਨ ਕਿ ਡੂਢ ਸੌ ਰੁਪਏ ਮਹੀਨੇ ਵਿਚ ਭੀ ਬਾਬੂ ਸਾਹਿਬ

ਦਾ ਗੁਜ਼ਾਰਾ ਨਹੀਂ ਹੁੰਦਾ, ਅਜੇ ਝੱਗੇ ਵਿਚ ਦੋ ਜੀ ਹਨ। ਉਨ੍ਹਾਂ ਨੂੰ ਮੇਰੇ ਬਾਲ ਬਚਨ ਤੇ ਭੁੱਖ ਪੈ ਰਹੇ ਹਨ ਤੇ ਤੂੰ ਇਸ ਤਰਾਂ ਉਜਾੜ ਰਹੀ ਹੈਂ। ਤੈਨੂੰ ਆਪਣੇ ਬਨਾਉ ਸਿੰਗਾਰ ਦੇ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ, ਕੋਈ ਮਰੇ ਭਾਵੇਂ ਜੀਵੇ। ਹੁਣ ਮੈਂ ਇਸ ਵਾਸਤੇ ਰੁਪਏ ਕਿਥੋਂ ਲਿਆਵਾਂ, ਤੇਰੀ ਤਾਂ ਇਹ ਮਰਜ਼ਾ ਹੈ ਕਿ ਮੈਂ ਚੋਰੀ ਬੇਈਮਾਨੀ ਕਰਕੇ ਲਿਆਵਾਂ ਤੇ ਤੈਨੂੰ ਪਹਿਨਾਵਾਂ। ਉਂਞ ਵਾਰੰ ਪਤਾ ਨਹੀਂ ਪਹਿਲੇ ਕਿੰਨੇ ਦੁਪੱਟੇ ਅਜੇ ਨਵੇਂ ਨਿਕੋਰ ਪਏ ਹਨ, ਫੇਰ ਭੀ ਤੈਨੂੰ ਸੰਤੋਖ ਨਹੀਂ ਔਂਦਾ। ਕੋਈ ਲੋੜ ਨਹੀਂ, ਏਹ ਦੁਪੱਟਾ ਮੈਂ ਹੁਣੇ ਮੋੜ ਔਂਦਾ ਹਾਂ, ਏਹ ਚੰਗਾ ਮਖੌਲ ਬਣਾਯਾ ਹੈ, ਜਿਉਂ ਜਿਉਂ ਮੈਂ ਚੁਪ ਕਰਦਾ ਜਾਂਦਾ ਹਾਂ, ਤਿਉਂ ਤਿਉਂ ਤੂੰ ਵਿਗੜਦੀ ਜਾਂਦੀ ਹੈਂ। ਕੁਝ ਸੋਚ ਸਮਝ ਕਰਨੀ ਚਾਹੀਦੀ ਹੈ।

ਏਹ ਆਖਕੇ ਬਾਬੂ ਜੀ ਦੁਪੱਟਾ ਲੈਕੇ ਬਾਹਰ ਚਲੇ ਗਏ। ਚੰਦ੍ਰਵਤੀ ਏਸ ਵਰਤਾਰੇ ਵਾਸਤੇ ਤਿਆਰ ਨਹੀਂ ਸੀ, ਕ੍ਰੋਧ, ਸ਼ਰਮ, ਮਾਨ, ਤਥਾ ਲੱਜਾ ਨਾਲ ਉਸ ਦਾ ਬਹੁਤ ਬੁਰਾ ਹਾਲ ਹੋਯਾ। ਉਸਨੇ ਠਾਨ ਲਿਆ ਕਿ ਭਾਵੇਂ ਕੁਝ ਹੋਵੇ ਮੈਂ ਅੱਜ ਹੀ ਪੇਕੇ ਤੁਰ ਜਾਵਾਂਗੀ ਤੇ ਏਸ ਵਾਰੀ ਚੰਗੀ ਤਰਾਂ ਚਣੇ ਚਬਾਕੇ ਫੇਰ ਹੀ ਘਰ ਆਵਾਂਗੀ।

੪.

ਚੰਦ੍ਰਵਤੀ ਦੇ ਪੇਕੇ ਸਿਵਾ ਉਸਦੀ ਮਾਤਾ ਤੇ ਮਾਮੇ ਦੇ ਹੋਰ ਕੋਈ ਨਹੀਂ ਸੀ। ਸ਼ਹਿਰ ਵਿਚ ਉਸ ਦੀ ਮਾਤਾ ਦੀ ਸਾਧਾਰਨ ਜਾਇਦਾਦ ਸੀ। ਉਸੇ ਨਾਲ ਹੀ ਉਸਦਾ ਨਿਰਬਾਹ

ਹੁੰਦਾ ਸੀ । ਰਤਨ ਸਿੰਘ ਦੀ ਸੱਸ ਬੜੀ ਸਿਆਣੀ ਸਮਝ ਵਾਲੀ ਮਾਤਾ ਸੀ, ਉਸਨੂੰ ਰਤਨ ਸਿੰਘ ਦੀ ਕਮਜ਼ੋਰੀ ਤੇ ਬੜਾ ਹੀ ਦੁੱਖ ਹੁੰਦਾ ਸੀ । ਜਦ ਭੀ ਕਦੇ ਚੰਦ੍ਰਵਤੀ ਰੁੱਸ ਕੇ ਮਾਂ ਪਾਸ ਔਂਦੀ ਤਦ ਉਹ ਰਤਨ ਸਿੰਘ ਨੂੰ ਸਮਝੌਂਦੀ ਕਿ ਜਦ ਤੱਕ ਇਹ ਰੁਖ ਮਾਰਕੇ ਆਪੇ ਹੀ ਤੇਰੇ ਘਰ ਨਾਂ ਜਾਵੇ ਤਦ ਤਕ ਤੂੰ ਏਸ ਵੱਲ ਧਿਆਨ ਹੀ ਨਾਂ ਕਰੇਂ ਤਾਂ ਸਿੱਧੀ ਹੋ ਜਾਵੇ । ਪਰ ਰਤਨ ਸਿੰਘ ਨੂੰ ਚੈਨ ਕਿੱਥੇ, ਉਹ ਸੱਸ ਦੀ ਗੱਲ ਵੱਲ ਕੰਨ ਹੀ ਨਾਂ ਧਰਕੇ ਜਿਸ ਕਿਸ ਤਰਾਂ ਚੰਦ੍ਰਵਤੀ ਨੂੰ ਸਮਝਾ ਬੁਝਾ ਮਨਾਕੇ ਲੈ ਔਂਦਾ ।

ਚੰਦ੍ਰਵਤੀ ਮਾਤਾ ਪਾਸ ਪਹੁੰਚ ਕੇ ਬੜਾ ਹੀ ਰੋਈ, ਮਾਂ ਨੇ ਪੁਤ੍ਰੀ ਪਾਸੋਂ ਸਾਰਾ ਹਾਲ ਸੁਣ ਕੇ ਬਾਬੂ ਤੇ ਬੜਾ ਗੁੱਸਾ ਦੱਸਿਆ, ਤੇ ਚੰਦ੍ਰਵਤੀ ਨੂੰ ਬਾਹਰੋਂ ਦਿਲਾਸਾ ਦੇਕੇ ਸ਼ਾਂਤ ਕੀਤਾ ।

ਦੂਸਰੇ ਦਿਨ ਬਾਬੂ ਰਤਨ ਸਿੰਘ ਦੁਪੱਟਾ ਬਗਲ ਵਿੱਚ ਲਈ ਸਹੁਰੇ ਘਰ ਪਹੁੰਚਾ, ਸੱਸ ਦੇਵੀ (ਸਿਆਣੀ ਮਾਤਾ) ਨੇ ਬਾਬੂ ਦੀ ਖੂਬ ਖਬਰ ਲਈ:-"ਵਾਹ ਤੂੰ ਭੀ ਚੰਗਾ ਹੈਂ, ਇਸ ਸੜੇ ਦੁਪੱਟੇ ਬਦਲੇ ਇਸ ਵਿਚਾਰੀ ਨੂੰ ਰਜ ਮਾਰਿਆ, ਬੇਪੱਤ ਕੀਤਾ, ਇਸ ਬਦਲੇ ਅਜੇਹੀ ਜਾਨ ਨਿਕਲਨ ਲੱਗੀ ਸੀ ਤਾਂ ਮੈਨੂੰ ਆਖ ਭੇਜਦਾ ਮੈਂ ਰੁਪਏ ਭੇਜ ਦਿੰਦੀ, ਚਾਰ ਸੱਟੇ ਅਜੇਹੇ ਦੁਪੱਟੇ ।"

ਬਾਬੂ ਰਤਨ ਸਿੰਘ ਦੀਨ ਜੇਹਾ ਹੋਕੇ ਬੋਲਯਾ "ਨਹੀਂ ਮਾਂ ਜੀ ! ਮੈਂ ਤਾਂ ਕੁਝ ਭੀ ਅਜੇਹਾ ਨਹੀਂ ਕਿਹਾ, ਕੇਵਲ ਏਹ ਆਖਯਾ ਸੀ ਕਿ ਅੱਗੇ ਅੱਠ ਦਸ ਅਜੇਹੇ ਨਵੇਂ ਦੁਪੱਟੇ ਘਰ ਪਏ ਹਨ, ਫੇਰ ਏਹਦੀ ਕੀਹ ਲੋੜ ਸੀ ? ਬੱਸ ਏਤਨੇ ਵਿੱਚ ਹੀ ਏਹ ਗੁੱਸੇ ਹੋ ਗਈ । ਚੰਗਾ ਹੁਣ

ਮਾਫ਼ ਕਰੋ, ਇਹ ਦੁਪੱਟਾ ਹਾਜ਼ਰ ਹੈ ।

ਸੱਸ ਨੇ ਕੜਕ ਕੇ ਉੱਤ੍ਰ ਦਿੱਤਾ ਕਿ ਜਾਹ ਲੈ ਜਾਹ, ਮੇਰੀ ਧੀ ਅਜੇਹੀ ਭੁੱਖੀ ਨਹੀਂ, ਮੈਂ ਆਪ ਦਸ ਦੁਪੱਟੇ ਲੈ ਦੇਵਾਂ । ਤੂੰ ਇਹ ਜਾਕੇ ਬਜਾਜ ਨੂੰ ਮੋੜ ਦੇਹ, ਹੁਣ ਇਹ ਕਿਸੇ ਤਰਾਂ ਭੀ ਨਹੀਂ ਵਰਤਨਾਂ, ਮੇਰੇ ਘਰ ਰੋਟੀ ਦਾ ਘਾਟਾ ਨਹੀਂ, ਜਿੰਨਾਂ ਚਿਰ ਇਸਦਾ ਜੀ ਚਾਹੇ ਰਹੇ ?

ਰਤਨ ਸਿੰਘ ਕੁਝ ਆਖਣ ਹੀ ਲੱਗਾ ਸੀ, ਪਰ ਸੱਸ ਅੰਦਰ ਚਲੀ ਗਈ ਤੇ ਰਤਨ ਸਿੰਘ ਆਪਣਾ ਮੂੰਹ ਲੈਕੇ ਘਰ ਆ ਗਿਆ ।

ਚੰਦ੍ਰਵਤੀ ਪਾਸ ਦੇ ਕਮਰੇ ਵਿੱਚ ਇਹ ਦੇਖਕੇ ਪ੍ਰਸੰਨ ਹੋਈ।

ਦੂਜੇ ਦਿਨ ਘਰ ਦੀ ਮਿਸਰਾਣੀ ਤੇ ਕਹਾਰਨੀ ਨੇ ਚੰਦ੍ਰਵਤੀ ਦੀ ਮਾਤਾ ਨੂੰ ਕਿਹਾ ਮਾਂ ਜੀ। ਸਾਨੂੰ ਦਸ ਦਿਨ ਦੀ ਛੁੱਟੀ ਦਿਓ। ਮਾਂ ਦੇ ਨਾਂਹ ਨੁਕੱਰ ਕਰਨ ਤੇ ਮਿਸਰਾਣੀ ਨੇ ਕਿਹਾ ਮਾਂ ਜੀ । ਸਾਡੇ ਘਰ ਸੂਤਕ ਹੈ, ੧੩ ਦਿਨ ਮੈਂ ਰੋਟੀ ਨਹੀਂ ਕਰਨੀ, ਕਹਾਰਨ ਦੇ ਭਤੀਜੇ ਦਾ ਵਿਆਹ ਹੈ ਇਸ ਭੀ ਜ਼ਰੂਰ ਜਾਣਾ ਹੈ । ਗੱਲ ਕੀ ਬਹੁਤ ਕਹ ਸੁਣ ਦੋਵੇਂ ਚਲੀਆਂ ਗਈਆਂ । ਉਸ ਦਿਨ ਸਭ ਕੰਮ ਚੰਦ੍ਰਵਤੀ ਦੀ ਮਾਤਾ ਨੇ ਕੀਤਾ, ਚੰਦ੍ਰਵਤੀ ਨੇ ਦੋ ਤਿੰਨ ਵਾਰੀ ਮਾਂ ਨਾਲ ਕੰਮ ਕਰਨ ਨੂੰ ਕਿਹਾ ਪਰ ਮਾਤਾ ਨੇ ਕਿਹਾ ਸਰਦੀ ਦੇ ਦਿਨ ਹਨ, ਤੂੰ ਔਖੀ ਹੋਵੇਂਗੀ, ਮੈਂ ਆਪ ਹੀ ਸਭ ਕੁਝ ਕਰਾਂਗੀ । ਉਸੇ ਦਿਨ ਰਾਤ ਨੂੰ ਮਾਤਾ ਦੇ ਗੋਡਿਆਂ ਵਿਚ ਬੜਾ ਦਰਦ ਹੋਇਆ, ਮਾਈ ਤੜਫਨ ਲੱਗੀ, ਚੰਦ੍ਰਵਤੀ ਨੇ ਸੇਕ ਕਰਕੇ ਗਰਮ ਰੂੰ ਬੰਨ੍ਹ ਦਿੱਤੀ।

ਦੂਜੇ ਦਿਨ ਭੀ ਮਾਤਾ ਦਰਦ ਨਾਲ ਤੰਗ ਰਹੀ ਤੇ ਉਸਨੇਂ ਦੁਖੀ ਦਸ਼ਾ ਵਿਚ ਝਾੜੂ, ਬੁਹਾਰੀ, ਰਸੋਈ ਆਦ ਸਭ ਕੁਝ ਚੰਦ੍ਰਵਤੀ ਨੂੰ ਕਰਨ ਵਾਸਤੇ ਆਖ ਜਾਤੇ ਕਿਹਾ ਕਿ:- ਭੈੜੀ ਬਾਹਮਣੀ ਤੇ ਕਹਾਰਨੀ ਨੂੰ ਇਕੱਠਾ ਹੀ ਕੰਮ ਥਲ ਗਿਆ, ਮੇਰੇ ਭੀ ਕੇਹੇ ਭੈੜੇ ਵੇਲੇ ਦਰਦ ਹੋ ਗਈ, ਮੇਰੀ ਪਿਆਰੀ ਸੋਹਲ ਬੇਟੀ ਕੀਹ ਕਰੇਗੀ? ਨਾਂ ਹੋਵੇਗਾ, ਮੈਂ ਗਰੀਬ ਸਿੰਘ (ਚੰਦ੍ਰਵਤੀ ਦੇ ਮਾਮੇਂ ਦਾ ਨਾਮ) ਨੂੰ ਆਖਾਂਗੀ ਕੋਈ ਕਹਾਰਨੀ ਦਸ ਬਾਰਾਂ ਦਿਨ ਵਾਸਤੇ ਕਰ ਦੇਵੇ, ਰੋਟੀ ਤਾਂ ਚੰਦ੍ਰਵਤੀ ਕਰ ਲਵੇਗੀ, ਪਰ ਵਿਚਾਰੀ ਝਾੜੂ, ਬੁਹਾਰੀ, ਜੂਠੇ ਭਾਂਡੇ, ਕਿਸਤਰਾਂ ਕਰੇਗੀ।

ਚੰਦ੍ਰਵਤੀ ਨੇ ਕਿਹਾ:-ਮਾਂ ਜੀ! ਕਹਾਰੀ ਤਾਂ ਲਾਣੀ ਹੀ ਪਵੇਗੀ, ਚੌਂਕਾ ਭਾਂਡਾ ਤਾਂ ਮੈਥੋਂ ਨਹੀਂ ਹੋਵੇਗਾ, ਸਗੋਂ ਮਿਸਰਾਨੀ ਭੀ ਮਿਲ ਜਾਂਦੀ ਤਦ ਚੰਗਾ ਸੀ।

ਮਾਤਾ:- ਹਾਂ ਬੇਟਾ, ਕਹਾਰੀ ਤਾਂ ਲਾਣੀ ਹੀ ਪਵੇਗੀ, ਓ ਗਰੀਬ ਸਿੰਘ! ਵੀਰਾ ਕੋਈ ਕਹਾਰੀ ਢੂੰਡ, ਜੇ ਮਿਸਰਾਨੀ ਭੀ ਮਿਲੇ ਤਾਂ ਚੰਗਾ ਹੈ।

ਗਰੀਬ ਸਿੰਘ:-ਭੈਣ ਜੀ! ਅੱਜ ਕੱਲ ਮੁਸ਼ਕਲ ਹੀ ਹੈ।

ਵਿਚਾਰੀ ਚੰਦ੍ਰਵਤੀ ਨੇ ਸਾਰੇ ਘਰ ਵਿਚ ਝਾੜੂ ਦਿੱਤਾ, ਆਪਣੇ ਤੇ ਮਾਤਾ ਵਾਸਤੇ ਪਾਣੀ ਗਰਮ ਕੀਤਾ। ਮਾਤਾ ਨੇ ਦਰਦ ਦੇ ਕਾਰਨ ਅਸ਼ਨਾਨ ਨਹੀਂ ਕੀਤਾ। ਫੇਰ ਰੋਟੀ ਪਕਾਣ ਦੀ ਹੋਈ, ਮਾਤਾ ਨੇ ਕਿਹਾ:-ਬੇਟੀ! ਮੈਂ ਤਾਂ ਨ੍ਹਾਤੀ ਨਹੀਂ, ਇਸ ਤੇ ਮੰਜੇ ਪਈ ਭੀ ਕਿਸੇ ਕੰਮ ਨੂੰ ਹੱਥ ਨਹੀਂ ਲਾ ਸਕਦੀ, ਤੂੰ ਔਖੀ ਸੌਖੀ ਹੋਕੇ ਦਾਲ ਰੋਟੀ ਬਣਾ ਲੈ, ਮੇਰੇ ਵਾਸਤੇ ਥੋੜਾ ਦਲੀਆ ਬਣਾ ਲੈ, ਬਹੁਤੀ ਖੇਚਲ

ਕੋਮਲ ਤ੍ਰਿਆ ਜੀ ਖਰਾਬ ਹੋ ਜਾਵੇਗਾ ।

ਚੰਦ੍ਰਵਤੀ ਨੂੰ ਕਦੇ ਆਪਣੇ ਹੱਥੀਂ ਗਲਾਸ ਭਰਕੇ ਪਾਣੀ ਪੀਣਾਂ ਭੀ ਨਹੀਂ ਸੀ ਔਂਦਾ, ਧੂੰਏਂ ਦੇ ਮਾਰੇ ਅੱਖਾਂ ਬੀਰ ਬਹੁਟੀਆਂ ਹੋ ਗਈਆਂ, ਨੱਕ ਤੋਂ ਪਾਣੀ, ਚੁਲ੍ਹਾ ਫੂਕ ਫੂਕ ਗਲ ਸੁੱਕ ਗਿਆ, ਛਾਵੇਂ ਦੁਖਾਂ ਨਾਲ ਪੰਜ ਰੋਟੀਆਂ ਪਕਾਕੇ ਖਾਧੀਆਂ ਖਵਾਈਆਂ, ਪਰ ਹੁਣ ਵਾਰੀ ਆਈ ਜੂਠੇ ਭਾਂਡੇ ਮਾਂਜਨ ਦੀ, ਬਹੁਤ ਘਬਰਾਈ, ਅੰਤ ਭਾਂਡੇ ਮਾਂਜਨੇ ਪਏ, ਰਾਤ ਸਿਆਲੇ ਦੀ ਠੰਢ ਵਿਚ ਬਰਫ ਜੇਹੇ ਪਾਣੀ ਨਾਲ ਗਿੱਲੇ ਕਰਕੇ ਮਸਾਂ ੨ ਭਾਂਡੇ, ਮਾਂਜੇ ਪਰ ਭਾਂਡੇ ਮਾਂਜਦੇ ਚੰਦ੍ਰਵਤੀ ਦਾ ਸਰੀਰ ਠੰਢਾ ਪਥੱਰ ਹੋਗਿਆ, ਜਦ ਭਾਂਡੇ ਮਾਂਜ ਕੇ ਉੱਠੀ ਤਾਂ ਉਸਨੂੰ ਏਹ ਪਤਾ ਨਹੀਂ ਸੀ ਓਹ ਜਮੀਨ ਤੇ ਹੈ ਜਾਂ ਅਸਮਾਨ ਤੇ, ਦੋ ਵੇਲਯਾਂ ਦੀ ਏਸ ਖੇਚਲ ਨਾਲ ਹੋਸ਼ ਟਿਕਾਣੇ ਆ ਗਈ ਤੇ ਸੋਚਣ ਲੱਗੀ ਕਿ ਜੇ ਮੈਂ ਪਤੀ ਨਾਲ ਰੁੱਸ ਕੇ ਨਾਂ ਔਂਦੀ ਤਾਂ ਏਹ ਦੁੱਖ ਕਿਉਂ ਭੋਗਦੀ । ਲੋੜ ਹੁੰਦੀ ਤਾਂ ਘਰੋਂ ਨੌਕਰ ਨੌਕਰਾਣੀ ਭੇਜ ਦਿੰਦੀ । ਮੈਂ ਕਿਸ ਦੁੱਖ ਵਿਚ ਆ ਪਈ ।

ਦੂਜੇ ਦਿਨ ਚੰਦ੍ਰਵਤੀ ਨੇ ਮਾਤਾ ਨੂੰ ਆਖਯਾ ਕਿ:- ਮਾਂ ਜੀ ! ਕਹਾਰੀ ਤਾਂ ਆਈ ਨਹੀਂ, ਘਰੋਂ (ਬਾਬੂ ਰਤਨ ਸਿੰਘ ਜੀ ਵੱਲੋਂ) ਮੰਗਲਾਂ ਨੂੰ ਸਦਵਾ ਲਵੋ, ਜਿੰਨੇ ਦਿਨ ਕਹਾਰੀ ਨਾ ਆਵੇ ਤਦ ਤਕ ਕੰਮ ਕਰਦੀ ਰਹੇ । ਮਾਤਾ ਅੱਖਾਂ ਲਾਲ ਕਰਕੇ ਬੋਲੀ:- ਮੈਂ ਤਾਂ ਕਦੇ ਨਾਂ ਸੱਦਾਂਗੀ, ਮੇਰੀ ਸਦੱਦੀ ਹੈ ਜੁੱਤੀ । ਮੈਂ ਤਾਂ ਰਤਨ ਸਿੰਘ ਦੀ ਕੋਈ ਚੀਜ ਭੀ ਕਦੇ ਨਹੀਂ ਮੰਗਾਂਗੀ, ਜੇ ਉਸ ਨੇ ਗੁੱਸੇ ਵਿਚ ਨਾਂ ਭੇਜੀ ਤਾਂ ਫੇਰ ਕੀਹ ਪੱਲੇ

ਰਹਿ ਜਾਵੇਗਾ?

ਇਸ ਤਰਾਂ ਤਿੰਨ ਦਿਨ ਬੀਤ ਗਏ। ਚੰਦ੍ਰਵਤੀ ਦਾ ਬੜਾ ਬੁਰਾ ਹਾਲ ਸੀ। ਕਿੱਥੇ ਦਿਨ ਵਿਚ ਚਾਰ ੨ ਵਾਰੀ ਕੱਪੜੇ ਬਦਲਨੇ ਕਿੱਥੇ ਹੁਣ ਅੱਠ ਪੈਹਰ ਮੈਲੀ ਧੋਤੀ ਵਿਚ ਗੁਜ਼ਾਰਨੇ। ਦਿਨ ਭਰ ਧੰਦੇ ਵਿਚ ਹੋਸ਼ ਹੀ ਨਹੀਂ ਰਹਿੰਦਾ ਸੀ। ਛੇਕੜ ਚੌਥੇ ਦਿਨ ਚੰਦ੍ਰਵਤੀ ਤੋਂ ਨਾਂ ਰਿਹਾ ਗਿਆ, ਉਸਨੇ ਵਿੱਸਕੇ ਸਾਫ ੨ ਮਾਤਾ ਨੂੰ ਆਖ ਦਿੱਤਾ ਕਿ ਮੈਥੋਂ ਹੁਣ ਕੰਮ ਨਹੀਂ ਹੋ ਸਕਦਾ, ਕਹਾਰੀ ਮਹਾਰੀ ਦਾ ਜੋ ਚਾਹੋ ਇੰਤਜ਼ਾਮ ਕਰ ਲਵੋ। ਮਾਤਾ ਬੋਲੀ:-ਬੇਟੀ! ਜੇ ਤੈਥੋਂ ਹੋਵੇ ਨਾਂ, ਕਹਾਰੀ ਵਗੈਰਾ ਮਿਲੇ ਨਾਂ, ਫੇਰ ਕੌਣ ਕਰੇ? ਕੀ ਤੂੰ ਚਾਹੁੰਦੀ ਹੈਂ ਕਿ ਮੈਂ ਸਭ ਕੁਝ ਕਰਕੇ ਤੈਨੂੰ ਰੋਟੀਆਂ ਠੋਸ ੨ ਖਵਾਵਾਂ ਤੇ ਤੂੰ ਪਲੰਘ ਤੇ ਬੈਠੀ ਪਾਨ ਚੱਬਿਆ ਕਰੇਂ? ਜੇ ਤੈਥੋਂ ਚਾਰ ਦਿਨ ਦੁੱਖ ਵਿਚ ਭੀ ਕੰਮ ਨਹੀਂ ਹੁੰਦਾ ਤਾਂ ਜਾਹ ਦਫ਼ਾ ਹੋ, ਆਪਣੇ ਘਰ ਜਾਹ, ਜੋ ਮੇਰੇ ਭਾ ਪਈ ਹੈ ਮੈਂ ਕੱਟ ਲਵਾਂਗੀ। ਮੈਂ ਦਸ ਦਿਨ ਨਿਰਾ ਦੁੱਧ ਪੀਕੇ ਗੁਜ਼ਾਰਾ ਕਰ ਲਵਾਂਗੀ ਤੇ ਗਰੀਬਸਿੰਘ ਤੰਦੂਰ ਤੋਂ ਰੋਟੀ ਖਾ ਲਿਆ ਕਰੇਗਾ।

ਮਾਤਾ ਦੀ ਗੱਲ ਸੁਣ ਕੇ ਚੰਦ੍ਰਵਤੀ ਨੂੰ ਕੱਟੋ ਤਦ ਖੂੰਨ ਨਹੀਂ, ਚੁੱਪ ਚਾਪ ਅੱਖਾਂ ਵਿੱਚੋਂ ਅਥਰੂ ਭਰੇ ਆਪਣੇ ਕਮਰੇ ਵਿਚ ਚਲੀ ਗਈ ਤੇ ਮੰਜੇ ਤੇ ਲੇਟ ਕੇ ਬਹੁਤ ਰੋਈ, ਹੁਣ ਉਸ ਨੂੰ ਆਪਣੀ ਕਰਤੂਤ ਤੇ ਪਛਤਾਵਾ ਹੋਇਆ। ਸੋਚਨ ਲੱਗੀ ਕਿ ਮੈਂ ਐਵੇਂ ਹੀ ਏਥੇ ਆਈ, ਇਹ ਜਾਣਦੀ ਤਾਂ ਕਦੇ ਭੀ ਨਾਂ ਔਂਦੀ। ਪਰ ਜਦ ਆ ਗਈ ਤਾਂ ਹੁਣ ਕੀਹ ਉਪਾ? ਇੱਕ ਵਾਰ ਮਨ ਵਿੱਚ ਆਇਆ ਕਿ ਪਤੀ

ਜੀ ਨੂੰ ਚਿੱਠੀ ਲਿਖ ਕੇ ਭੁਲ ਬਖਸ਼ਾਕੇ ਮੰਗਲਾਂ ਨੂੰ ਸੱਦ ਲਵਾਂ,ਪਰ ਫੇਰ ਮਨ ਵਿਚ ਆਯਾ ਕਿ ਮੈਂ ਕੀਹ ਮੂੰਹ ਲੈਕੇ ਓਹਨਾਂ ਨੂੰ ਲਿਖਾਂ।

ਦੂਸਰੇ ਦਿਨ ਸੰਧਯਾ ਨੂੰ ਇੱਕ ਹੋਰ ਅਚਾਨਕ ਘਟਨਾਂ ਹੋਈ, ਚੰਦ੍ਰਵਤੀ ਦਾ ਮਾਮਾਂ ਗਰੀਬ ਸਿੰਘ ਬਹੁਤ ਘਬਰਾਯਾ ਹੋਯਾ ਘਰ ਆਯਾ ਤੇ ਆਖਯਾ ਕਿ:- ਭੈਣ ਜੀ! ਅੰਧੇਰ ਹੋ ਗਿਆ! ਗਜ਼ਬ ਹੋ ਗਿਆ! ਹਾਇ! ਹੁਣ ਮੈਂ ਕੀ ਕਰਾਂ!

ਚੰਦ੍ਰਵਤੀ ਦੀ ਮਾਤਾ ਬੋਲੀ:- ਕੀਹ ਗੱਲ ਹੈ, ਕੀਹ ਹੋਯਾ, ਛੇਤੀ ਦੱਸ ਮੇਰੀ ਤਾਂ ਜਾਨ ਨਿਕਲਦੀ ਹੈ,ਛੇਤੀ ਦੱਸ!

ਗਰੀਬ ਸਿੰਘ:- ਦੁਕਾਨ ਦੇ ਬਕਸ ਦੀ ਕੁੰਜੀ ਮੇਰੇ ਪਾਸ ਸੀ,ਹੁਣ ਜਦ ਰੋਕੜ ਮੇਲੀ ਤਦ ਪੰਜ ਸੌ ਰੁਪਏ ਦੇ ਨੋਟ ਗੁੰਮ। ਦੁਪਹਰੇ ਬਜ਼ਾਰ ਗਿਆ ਸੀ,ਤਦੋਂ ਚਾਬੀ ਪਈ ਰਹਿ ਗਈ ਹੈ,ਪਤਾ ਨਹੀਂ ਕਿਸ ਨੇ ਇਹ ਹਨੇਰ ਮਾਰਿਆ ਹੈ, ਜੇ ਛੇਤੀ ਪੰਜ ਸੌ ਰੁਪਏ ਨਾਂ ਮਿਲੇ ਤਾਂ ਮਾਲਕ ਮੈਨੂੰ ਜੇਹਲਖਾਨੇ ਪਵਾ ਦੇਵੇਗਾ।

ਚੰਦ੍ਰਵਤੀ ਦੀ ਮਾਤਾ ਬੜੀ ਘਬਰਾਈ, ਬੜੀ ਦੁਖੀ ਹੋਈ, ਹਾਯ! ਮੈਂ ਪੰਜ ਸੌ ਕਿੱਥੋਂ ਲਿਆਵਾਂ,ਖਬਰੇ ਕਿਸ ਤਰਾਂ ਪੇਟ ਪਾਲਦੀ ਹਾਂ। ਇਹ ਆਖਕੇ ਚੰਦ੍ਰਵਤੀ ਨੂੰ ਆਖਯਾ:- ਬੇਟੀ! ਤੇਰੇ ਪਾਸ ਤਾਂ ਰੁਪਏ ਜ਼ਰੂਰ ਹੋਵਨਗੇ, ਇਸ ਬਿਪਤਾ ਵੇਲੇ ਦੇ ਦੇਹ,ਗਰੀਬ ਜੀਉਂਦਾ ਰਹੇਗਾ ਤੇ ਦੇ ਦੇਵੇਗਾ, ਬੇਟੀ! ਐਸ ਵੇਲੇ ਰੱਬ ਤੋਂ ਉਰੇ ਤੇਰਾ ਹੀ ਸਹਾਰਾ ਹੈ।

ਚੰਦ੍ਰਵਤੀ:- ਘਬਰਾ ਕੇ ਬੋਲੀ ਮਾਂ ਜੀ! ਮੇਰੇ ਪਾਸ ਤਾਂ ਇੱਕ ਪੈਸਾ ਭੀ ਨਹੀਂ। ਮੈਂ ਕਿੱਥੋਂ ਲਿਆਵਾਂ?

ਮਾਤਾ:—ਅਕ ਚਕਾਕੇ— ਹੈਂ! ਤੇਰੇ ਪਾਸ ਇੱਕ ਪੈਸਾ ਨਹੀਂ! ਕਿਉਂ ਝੂਠ ਬੋਲਦੀ ਹੈਂ! ਮੈਨੂੰ ਜੰਮੀਂ ਮੇਰੇ ਨਾਲ ਭੀ ਛਲ ਕਰਦੀ ਹੈਂ! ਏਹ ਸੂਦ ਸੌ ਰੁਪਯਾ ਮਹੀਨਾ ਕਿਥੇ ਜਾਂਦਾ ਹੈ? ਕੱਲ ਦੋ ਆਦਮੀ ਤੇ ਸੂਦ ਸੌ ਰੁਪਏ ਮਹੀਨਾ! ਬੱਸ ਰਹਿਣ ਦੇਹ, ਕਿਉਂ ਗੱਲਾਂ ਬਣੌਂਦੀ ਹੈਂ? ਬੇਟੀ! ਜੇ ਅਜੇਹੇ ਵੇਲੇ ਭੀ ਧੀਆਂ ਪੁੱਤ ਕੰਮ ਨਾ ਆਵਨ ਤਾਂ ਕਿਸ ਕੰਮ! ਮੈਂ ਸਹੁੰ ਖਾ ਕੇ ਆਖਦੀ ਹਾਂ ਕੌਡੀ੨ ਤੇਰੀ ਦੇ ਦੇਵਾਂਗੀ, ਮਾਰ ਨਹੀਂ ਲੈਂਦੀ! ਮੈਨੂੰ ਤਾਂ ਆਪ ਤੇਥੋਂ ਮੰਗਦੇ ਸ਼ਰਮ ਔਂਦੀ ਹੈ, ਤੂੰ ਪੈਹਲੋਂ ਹੀ ਕਿਉਂ ਏਨੇਂ ਛਲ ਤੇ ਖੇਖਨ ਕਰਨ ਲੱਗ ਪਈ! ਏਹ ਦਿਨ ਹੀ ਮੇਰ ਖੋਟੇ ਹਨ!

ਚੰਦ੍ਰਵਤੀ ਦਾ ਮੂੰਹ ਪੀਲਾ ਸ਼ੁਕ ਹੋ ਗਿਆ, ਸ਼੍ਰੀਰ ਕੰਬ ਉਠਿਆ, ਘਾਬਰਾਆ ਕੇ ਬੋਲੀ ਮਾਂ ਜੀ! ਮੈਂ ਸੱਚ ਆਖਦੀ ਹਾਂ ਕਿ ਮੇਰੇ ਪੱਲੇ ਨਗਦ ਇੱਕ ਪੈਸਾ ਭੀ ਨਹੀਂ, ਮੈਂ ਝੂਠ ਨਹੀਂ ਆਖਦੀ!

ਮਾਤਾ ਕੜਕਕੇ ਬੋਲੀ, ਬੱਸ੨ ਬਕ੨ ਨਾਂ ਕਰ, ਮੈਨੂੰ ਹੀ ਛਲਨ ਲੱਗੀ ਹੈਂ! ਦੇਖ ਲਿਆ, ਏਸੇ ਵਾਸਤੇ ਪਾਲੀ ਪੋਸੀ ਸੀ! ਸਭ ਮਤਲਬ ਦੇ ਹੀ ਹਨ! ਬੇਟੀ! ਏਹ ਮੇਰੇ ਕਰਮਾਂ ਦਾ ਫਲ ਹੈ! ਗਰੀਬ ਸਿੰਘਾ! ਤੂੰ ਮੇਰਾ ਗਹਿਣਾਂ ਲੈ ਜਾ ਤੇ ਏਹ ਕਿਸੇ ਪਾਸ ਰੱਖ ਕੇ ਰੁਪਏ ਲੈ ਲੈ!

ਚੰਦ੍ਰਵਤੀ:— ਅੱਖਾਂ ਭਰ ਕੇ ਮਾਂ ਜੀ! ਮੇਰਾ ਗਹਿਣਾਂ ਲੈ ਜਾਓ!

ਮਾਤਾ ਬੋਲੀ:—ਨੀ ਛੱਡ ਛੱਤੀਸੀਏ! ਗਹਿਣਾਂ ਦੇਵੇਂਗੀ ਤੇ ਰੁਪਏ ਨਹਾਂ ਦੇਵੇਂਗੀ? ਏਡੇ ਖੇਖਨ! ਸੂਦ ਸੌ ਰੁਪਯਾ

ਮਹੀਨਾਂ ਘਰ ਆਵੇ ਤੇ ਦੋ ਜੀ ਖਾਣ ਵਾਲੇ, ਨਾਂ ਪੁੱਤ ਨ ਧੀ। ਨਾਂ ਲੱਜ ਨਾਂ ਲੋਹ। ਪੰਦਰਾਂ ਨਾਂ ਵੀਹ ਰੁਪਏ ਭਲਾ ਪੰਜਾਹ ਰੁਪਏ ਮਹੀਨਾ ਖਾ ਖਰਚ ਲਏ, ਤੇ ਅੱਜ ਇਸ ਚੁਲੇਡੀ ਪਾਸ ਪੰਜ ਸੌ ਰੁਪਏ ਹੈ ਨਹੀਂ। ਨਿੱਜ ਜੰਮਦੀ ਏਹੋ ਜੇਹੀ। ਜਾਹ ਦਫਾ ਹੋ ਮੇਰੀਆਂ ਅੱਖਾਂ ਅਗੋਂ ਦੂਰ ਹੋ ਜਾਹ। ਖੇਖਨਾਂ ਪਿੱਟੀ।

ਚੰਦ੍ਰਵਤੀ ਚੁੱਪ ਚਾਪ ਉੱਠਕੇ ਅੰਦਰ ਜਾ ਮੰਜੇ ਤੇ ਪੈਕੇ ਬੜੀ ਹੀ ਰੋਈ ਕਲਪੀ। ਉਸ ਦੀਆਂ ਅੱਖਾਂ ਅੱਗੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਦਿੱਸਦਾ ਸੀ। ਹੁਣ ਉਸ ਨੂੰ ਆਪਣੀਆਂ ਸਾਰੀਆਂ ਕਰਤੂਤਾਂ ਦੇ ਫਲ ਯਾਦ ਆਏ, ਬੜੀ ਹੀ ਦੁਖੀ ਹੋਈ ਪਛਤਾਈ ਤੇ ਛੇਤੀ ਤੋਂ ਛੇਤੀ ਪਤੀ ਜੀ ਦੇ ਚਰਨਾਂ ਵਿੱਚ ਪਹੁੰਚ ਕੇ ਖਿਮਾਂ ਮੰਗਣ ਤੇ ੫੦੦) ਦਾ ਪ੍ਰਬੰਧ ਕਰਕੇ ਮਾਤਾ, ਮਾਮੇ ਨੂੰ ਦੁਖਾਂ ਤੋਂ ਬਚਾਣ ਦੀ ਸੁੱਝੀ। ਅਖੀਰ ਉਸਨੇ ਇੱਕ ਚਿੱਠੀ ਲਿਖੀ:-

ੴ

ਬਖਸ਼ਣ ਹਾਰ, ਮੇਰੇ ਦੁਖਾਂ ਸੁੱਖਾਂ ਦੇ ਸਹਾਈ, ਪ੍ਰਾਣ ਪਿਆਰੇ ਪਤੀ ਜੀ। ਮੇਰ ਅਪਰਾਧ ਖਿਮਾਂ ਕਰੋ ਤੇ ਮੰਗਣ ਨੂੰ ਭੇਜ ਦੇਵੋ, ਮੈਂ ਚਰਨਾਂ ਵਿਚ ਹਾਜ਼ਰ ਹੋ ਜਾਵਾਂ।

ਚਰਨਾਂ ਦੀ ਦਾਸੀ-ਚੰਦ੍ਰਵਤੀ

ਏਹ ਚਿੱਠੀ ਲਿਖ ਕੇ ਛੱਤ ਤੇ ਚੜ੍ਹ ਗਈ ਤੇ ਨਾਲ ਦੇ ਘਰ ਸਹੇਲੀ ਨੂੰ ਜਾਕੇ ਚਿੱਠੀ ਦੇਕੇ ਆਖਿਆ ਕਿ ਏਹ ਨੌਕਰ ਹੱਥ ਉਨਾਂ (ਬਾਬੂ ਰਤਨ ਸਿੰਘ ਜੀ, ਨੂੰ ਛੇਤੀ ਭੇਜ ਦੇ। ਸਹੇਲੀ ਨੇ ਕਿਹਾ ਕਿ- "ਕਿਉਂ ਉਦਰ ਜੀ ਗਈ

ਲੈਂਆ। ਅਨੀ। ਤੇਰੀਆਂ ਅੱਖਾਂ ਲਾਲ ਹਨ, ਵਿਛੋੜੇ ਦੇ ਦੁਖ ਵਿੱਚ ਰੋਂਦੀ ਆਈ ਹੈਂ?

ਚੰਦ੍ਰਵਤੀ—ਭੈਣ! ਪਿੱਛੋਂ ਸਭ ਕੁਝ ਦੱਸਾਂਗੀ, ਹਾਲਾਂ ਛੇਤੀ ਏਹ ਚਿੱਠੀ ਭੇਜ ਦੇ। ਚਿੱਠੀ ਭੇਜਕੇ ਆਪ ਹੇਠ ਜਾਕੇ ਘਰ ਜਾਣ ਵਾਲੇ ਕਪੜੇ ਬਦਲਨ ਲੱਗੀ। ਰਤਨ ਸਿੰਘ ਜੀ ਅੱਗੇ ਹੀ ਉਦਰੇ ਪਏ ਸਨ, ਉਸੇ ਵੇਲੇ ਨੌਕਰਾਨੀ ਆਈ, ਉਸ ਨਾਲ ਚੰਦ੍ਰਵਤੀ ਆਪਣੇ ਘਰ ਨੂੰ ਗਈ॥

੬.

ਪਤੀ ਨੂੰ ਵੇਖਦੇ ਹੀ ਚੰਦ੍ਰਵਤੀ ਘੜੰਮ ਪੈਰਾਂ ਤੇ ਡਿੱਗ ਪਈ ਤੇ ਘਿਗਿਆਕੇ ਮਾਫੀ ਮੰਗੀ ਤੇ ਆਖਿਆ ਕਿ ਮੈਂ ਤੁਹਾਡਾ ਆਖਾ ਨਾ ਮੰਨਿਆ ਤਾਂ ਅੱਜ ਅੱਤ ਦੁਖੀ ਹੋਈ ਹਾਂ, ਮੇਰੇ ਅਪ੍ਰਾਧ ਬਖ਼ਸ਼ ਦੇਵੋ, ਮੈਂ ਫੇਰ ਕਦੇ ਆਗਜਾ ਤੇ ਮ੍ਰਿਯਾਦਾ ਤੋਂ ਬਾਹਰ ਨਹੀਂ ਹੋਵਾਂਗੀ। ਪੈਸੇ ਪੈਸੇ ਦਾ ਬਚਾ ਰੱਖਾਂਗੀ, ਜੋ ਵੇਲੇ ਕੁਵੇਲੇ ਕੰਮ ਆਵੇ॥

ਬਾਬੂ ਜੀ ਨੇ ਅਚਰਜ ਹੋਕੇ ਪੁੱਛਿਆ ਕੀ ਗੱਲ ਹੈ?

ਚੰਦ੍ਰਵਤੀ ਨੇ ਸਾਰਾ ਹਾਲ ਸੁਣਾਯਾ ਤੇ ੫੦੦) ਜਿਸ ਤਰਾਂ ਹੋਵੇ ਮਾਮੇਂ ਨੂੰ ਹੁਧਾਰ ਦੇਣ ਨੂੰ ਆਖਿਆ।

ਰਤਨ ਸਿੰਘ ਜੀ ਕੁਝ ਸੋਚਕੇ ਬੋਲੇ ਹੱਛਾ ਮੈਂ ਪ੍ਰਬੰਧ ਕਰਦਾ ਹਾਂ, ਜੇ ਹੋ ਗਿਆ ਤਾਂ ਭੇਜ ਦਿੰਦਾ ਹਾਂ, ਪਾਸ ਤਾਂ ਸਗੋਂ ਤੇਰਾ ਖਰਚ ਹੀ ਤੁਰਦਾ ਰਿਹਾ ਹੈ॥

ਏਹ ਆਖ ਬਾਹਰ ਜਾ ਇਕ ਸੱਜਣ ਤੋਂ

੫੦੦) ਉਧਾਰ ਲਿਆਕੇ ਆਪਣੇ ਵਿਸਵਾਸੀ ਨੌਕਰ ਹੱਥ ਸੱਸ ਨੂੰ ਭੇਜ ਦਿੱਤਾ ॥

ਅੱਧ ਘੰਟੇ ਬਾਦ ਉਹ ਰੁਪਯਾ ਜਿਉਂ ਕਾ ਤਿਉਂ ਮੁੜ ਆਯਾ ਤੇ ਨੌਕਰ ਦੇ ਨਾਲ ਹੀ ਘਰ ਦੀ ਕਹਾਰਨ ਆਈ ਬੈਠੀ, ਬੈਠਕ ਵਿੱਚ ਸਭ ਹੱਸ ਰਹੇ ਹਨ। ਏਤਨੇ ਨੂੰ ਚੰਦ੍ਰਵਤੀ ਭੀ ਹੱਥ ਮੂੰਹ ਧੋਕੇ ਬੈਠਕ ਵਿਚ ਆਈ, ਸਭ ਨੂੰ ਹਸਦੇ ਤੇ ਪਾਸ ਹੀ ਪੇਕੇ ਘਰ ਦੀ ਕਹਾਰਨ ਤੇ ੫੦੦) ਦੀ ਓਹੋ ਥੈਲੀ ਪਈ ਦੇਖਕੇ ਅਚਰਜ ਹੋਈ ਤੇ ਹੱਸਣ ਦਾ ਕਾਰਨ ਪੁੱਛਿਆ। ਉੱਤਰ ਵਿਚ ਬਾਬੂ ਰਤਨ ਸਿੰਘ ਨੇ ਉਸਦੀ ਮਾਤਾ ਦੀ ਚਿਠੀ ਪਿਆਰੀ ਚੰਦ੍ਰਵਤੀ ਦੇ ਹੱਥ ਫੜਾ ਦਿੱਤੀ:-

ਚੰਦ੍ਰਵਤੀ ਨੇ ਮਾਤਾ ਦੀ ਚਿੱਠੀ ਪੜ੍ਹੀ, ਉਸ ਵਿਚ ਲਿਖਿਆ ਸੀ ਕਿ:-

ਪਰਮ ਪਿਆਰੇ ਚਿਰੰਜੀਵ ਰਤਨ ਸਿੰਘ ਜੀ। ਰੁਪਯਾਂ ਦੀ ਕੋਈ ਲੋੜ ਨਹੀਂ। ਗਰੀਬ ਸਿੰਘ ਦੇ ਰੁਪਯੇ ਚੋਰੀ ਨਹੀਂ ਗਏ, ਮਿਸਰਾਣੀ ਅਤੇ ਕਹਾਰਨ ਨੂੰ ਭੀ ਕੋਈ ਕੰਮ ਨਹੀਂ ਸੀ, ਮੈਂ ਹੀ ਓਹਨਾਂ ਨੂੰ ਸਖਾਕੇ ਟਾਲ ਦਿੱਤਾ ਸੀ, ਮੇਰੇ ਗੋਡੇ ਭੀ ਚੰਗੇ ਹਨ, ਮੇਰੇ ਦਰਦ ਹੋਇਆ ਹੀ ਨਹੀਂ, ਏਹ ਸਭ ਕੁਝ ਪਜਾਰੀ ਬੇਟੀ ਚੰਦ੍ਰਵਤੀ ਨੂੰ ਸਿੱਖਯਾ ਦੇਵਨ ਵਾਸਤੇ ਕੀਤਾ ਗਿਆ ਸੀ, ਤੁਹਾਨੂੰ ਕਈ ਵਾਰੀ ਸਮਝਾਇਆ ਪਰ ਤੁਸੀ ਸਫਲਤਾ ਪ੍ਰਾਪਤ ਨਹੀਂ ਕਰ ਸੱਕੇ ਸੀ, ਏਸੇ ਵਾਸਤੇ ਹੀ ਏਹ ਸਭ ਕੁਝ ਇਸ ਤਰਾਂ ਮੈਨੂੰ ਕਰਨਾ ਪਿਆ, ਭਰੋਸਾ ਹੈ ਹੁਣ ਚੰਦ੍ਰਵਤੀ ਸਦਾ ਤੁਹਾਡੀ ਆਗਯਾ ਵਿੱਚ ਰਹੇਗੀ ਤੇ

ਮ੍ਰਿਯਾਦਾ ਵਰਤੇਗੀ । ਵਾਹਿਗੁਰੂ ਜੀ ਤੁਹਾਨੂੰ ਸਦਾ ਚਿਰੰਜੀਵ, ਸਭ ਤਰਾਂ ਸੁਖੀ ਰੱਖਕੇ ਵਧਾਣ ਫੁਲਾਣ ! ਪੁੱਤ੍ਰ ਜੀ! ਦੁਪੱਟਾ ਲਿਆਣ ਦੇ ਦਿਨ ਜੋ ਮੈਂ ਤੁਹਾਨੂੰ ਗੁੱਸੇ ਹੋਈ ਸੀ ਸੋ ਮੈਨੂੰ ਬਖਸ਼ਣਾਂ, ਆਪਣਾ ਰੁਪਯਾ ਸੰਭਾਲ ਲਵੋ, ਤੇ ਕਹਾਰਨ ਹੱਥ ਰਾਜ਼ੀ ਖੁਸ਼ੀ ਦਾ ਸਨੇਹਾ ਭੇਜ ਦੇਵੋ ॥

ਸਦਾ ਸ਼ੁਭ ਚਿੰਤਕ—ਤੁਹਾਡੀ ਸੱਸ

ਸਿਆਣੀ ਮਾਤਾ ਦੀ ਇਸ ਸਿੱਖਯਾ ਦੇ ਦਿਨ ਤੋਂ ਏਹ ਜੋੜੀ ਬੜੀ ਹੀ ਸੁਖੀ ਤੇ ਧਨਵਾਨ ਪੁੱਤ੍ਰਾਂ ਨੂੰਹਾਂ ਵਾਲੀ ਹੋਕੇ ਦਿਨ ਗੁਜ਼ਾਰ ਰਹੀ ਹੈ। ਸਤਿਗੁਰੂ ਜੀ ਸਭ ਨੂੰ ਸੁਖੀ ਰੱਖਣ ਤੇ ਸੁਮੱਤ ਬਖਸ਼ਣ । ਇਸੇ ਵਾਸਤੇ ਹੀ ਏਹ ਵਾਰਤਾ ਪ੍ਰਕਾਸ਼ਤ ਕੀਤੀ ਗਈ ਹੈ ॥

ਇਸ ਤਰਾਂ ਦੀਆਂ ਹੋਰ ਸਿੱਖਯਾ ਭਰੀਆਂ ਵਾਰਤਾਂ ਦਾ ਅਨੰਦ ਉਠਾਵਣ ਵਾਸਤੇ ਇਸੇ 'ਜਲਸਲੇ' ਦੀ ਪੁਸਤਕ "ਗ੍ਰਿਹ ਪ੍ਰਬੰਧ ਸ਼ਾਸਤ੍ਰ" ਜ਼ਰੂਰ ਮੰਗਵਾ ਕੇ ਪੜ੍ਹੋ ਤੇ ਘਰਾਂ ਵਿਚ ਪੜ੍ਹਾਓ ਸੁਣਾਓ ਤੇ ਸੁਖੀ ਹੋਵੋ !

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਜੇ ਤੂੰ ਵਤਹਿ ਅੰਙਣੇ ਹਭ ਧਰਤ ਸੁਹਾਵੀ ਹੋਇ ।
ਇਕ ਸੁ ਕੰਤੇ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੫੦

ਵਿਧਵਾ ਵਿਲਾਪ ।

ਜਿਸ ਵਿਚ

ਵਿਧਵਾ ਧੀਆਂ ਵਿਲਕਣੀਆਂ, ਗਿਣਤੀ, ਤੜਫਣੀ ਤੇ ਦਰਦ ਭਰੇ ਦੁੱਖਾਂ ਦੇ ਵਿਰਹੜੇ ਦੱਸੇ ਹਨ ।

ਸੰਗ੍ਰਹਿਕਾਰ ਤੇ ਪ੍ਰਕਾਸ਼ਕ

ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ

ਤਰਨ ਤਾਰਨ (ਪੰਜਾਬ)

ਜੁਲਾਈ ੧੯੧੯

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿੱਚ ਭਾਈ ਬਹਾਦਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ।

ਪਹਿਲੀ ਵਾਰ ੧੦[illegible] , ਕੀ: =)

੧ ੴ ਸਤਿਗੁਰਪ੍ਰਸਾਦਿ ॥

ਵਿਧਵਾ ਵਿਲਾਪ !

ਧਾਰੋ ਧਾਰ ਰੋਵਾਂ ਪਈ ਧਾਹਾਂ ਮਾਰਾਂ ਵਾਲੀ ਵਾਰਸ ਨਾਂ ਸਿਰੇ ਤੇ ਮੂਲ ਕੋਈ। ਬਲਦੀ ਚਿਖਾ ਬੁਝਾਇ ਰੱਬ ਚੁੱਕ ਲੇਵੀਂ, ਮੈਨੂੰ ਦੇਖ ਸੁਖਾਂਵਦਾ ਨਹੀਂ ਕੋਈ। ਦਰਦੀ ਦਰਦ ਵੇਵਨ ਕੋਹਣ ਮੰਦ ਹਾਲੀ, ਸੂਲਾਂ ਚੋਹਬਦੇ ਰੁਕੇ ਨਾ ਰਤਾ ਕੋਈ। ਆਵੀਂ ਮੌਤ ਪਿਆਰੀਏ ਜਾਂ ਵਾਰੀ ਤੇਰੇ ਬਿਨਾਂ ਹੁਣ ਆਸਰਾ ਨਹੀਂ ਕੋਈ।

ਜੇਹੜੇ ਫੁੱਲਾਂ ਤੋਂ ਵੱਧ ਸਦ ਜਾਣਦੇ ਸੇ, ਹਾਇ ਕੰਡਿਆਂ ਤੋਂ ਓਹ ਹੁਣ ਹੀਨ ਜਾਨਣ। ਮੈਂ ਸਦ ਲਵਾਂ ਹਾਵੇ ਠੰਢੇ ਸਾਹ ਭਰਦੀ, ਸਖੀਆਂ ਸਭ ਹੀ ਭਾਂਤਿ ਸਭ ਰੰਗ ਮਾਨਣ। ਸੱਭੇ ਖਾਣ ਕੁਸਗਨਾਂ ਦੀ ਜਾਣ ਮੈਨੂੰ ਤਾਹਨੇ ਮਾਰਕੇ ਅਤ ਬੇਹਾਲ ਠਾਨਣ। ਰੱਬਾ ਮੈਂ ਅਭਾਗਣ ਦੀ ਸਾਰ ਲੇਵੀਂ, ਕਰੀਂ ਸੁਖੀ ਹੁਣ ਮੌਤ ਦਾ ਭੇਜ ਥਾਨਣ॥

ਹਾਇ ਡਿੱਠਾ ਨਾ ਰੱਜ ਸੁਹਾਗ ਕੋਈ, ਬਾਰ ਫੇਰਿਆਂ ਦੀ ਮੈਂ ਤਾਂ ਚੋਰ ਹੋਈ। ਜੇਹੜੇ ਅੱਤ ਅਪਣੱਤ ਲਡਾਂਵਦੇ ਸੀ, ਓਨ੍ਹਾਂ ਵਾਸਤੇ ਤਾਂ ਮੈਂ ਹੁਣ ਹੋਰ ਹੋਈ। ਮਾਤ ਪਿਤਾ ਜਾਏ ਹਿਤੂ ਤੇ ਹਮਸਾਏ, ਮੈਂ ਅਨਾਥ ਨੂੰ ਦੁਖੀ ਕਰ ਸੁਖੀ ਹੋਈ। ਮੌਤ ਦੁਖਾਂ ਦੀ ਕੈਹਰ ਦੀ ਹੋਏ ਭਾਵੇਂ, ਰੱਬਾ ਵਿਧਵਾ ਭੈਣ ਨਾਂ ਹੋਏ ਕੋਈ।

ਹੈਂ। ਹੈਂ।!! ਇਹ ਕਿਸ ਦੁਖੀਆ ਦਾ ਵਿਰਲਾਪ ਹੈ? ਹਾ! ਅਜੇਹੀ ਦੁਖ ਮਾਰੀ ਹੈ, ਸੁਣਕੇ ਲੂੰ ਕੰਡੇ ਹੁੰਦੇ ਤੇ ਬਦੋ ਬਦੀ ਅੱਖਾਂ ਭਰ ਭਰ ਔਂਦੀਆਂ ਹਨ। ਇਹ

ਅਵਾਜ਼ ਕਿਧਰੋਂ ਆ ਰਹੀ ਹੈ ?

ਉੱਪਰ ਲਿਖੇ ਵਿਰਲਾਪ ਦੀ ਅਵਾਜ਼ ਸੁਣ ਕੇ ਤੁਰੇ ਜਾਂਦੇ ਭਾਈ ਦਿਆਲ ਸਿੰਘ ਤੇ ਕਿਰਪਾਲ ਸਿੰਘ ਜੀ ਆਪਸ ਵਿਚ ਇਹ ਪੁੱਛਾਂ ਕਰ ਹੀ ਰਹੇ ਸਨ ਤਦ ਉਸੇ ਵੇਲੇ ਸਾਹਮਣੀ ਗਲੀ ਵਿੱਚੋਂ ਮਾਈ ਦਯਾ ਕੌਰ ਜੀ ਔਂਦੇ ਨਜ਼ਰ ਪਏ। ਦੋਹਾਂ ਭਾਈ ਜੀ ਨੇ ਮਾਤਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਪੁਛਿਆ ਕਿ ਮਾਤਾ ਜੀ। ਇਹ ਅਵਾਜ਼ ਕਿਧਰੋਂ ਤੇ ਕਿਸ ਦੁਖਾਂ ਮਾਰੀ ਦੀ ਆ ਰਹੀ ਹੈ ? ਇਹ ਪੱਛ ਸਣ ਕੇ ਮਾਈ ਦਯਾ ਕੌਰ ਦੇ ਅੱਥਰੂ ਭਰ ਆਏ ਤੇ ਬੋਲੀ:-

ਦਯਾ ਕੌਰ—ਵੀਰ ਜੀ। ਇਹ ਵਿਚਾਰੀ ਅਨਾਥ ਕੌਰ ਗੁਰਪੁਰ ਨਿਵਾਸੀ ਭਾਈ ਗਰੀਬ ਸਿੰਘ ਦੀ ਬਾਲਕੀ ਧਰਮਪਤਨੀ ਹੈ। ਵਿਚਾਰੀ ਨੂੰ ਅਜੇ ਮੁਕਲਾਵੇ ਆਈ ਨੂੰ ਮਹੀਨਾ ਕੁ ਹੀ ਹੋਇਆ ਸੀ ਤਾਂ ਇਸ ਥੋਹੜੇ ਚਿਰ ਵਿੱਚ ਹੀ ਦੰਪਤੀ ਦਾ ਆਪਸ ਵਿਚ ਚੰਗਾ ਪ੍ਰੇਮ ਹੋ ਗਿਆ ਸੀ, ਗਰੀਬ ਸਿੰਘ ਭੀ ਵਿਚਾਰਾ ਬੜਾ ਹੀ ਗੁਰਮੁਖ ਤੇ ਗੁਰ-ਬਾਣੀ ਦਾ ਰਸੀਆ ਅਰ ਭਲੇ ਸੁਭਾਵ ਦਾ ਸੀ, ਤੇ ਇਹ ਬੀਬੀ ਵਿਚਾਰੀ ਮੂਰਖ ਮਾਪਿਆਂ ਦੀ ਕ੍ਰਿਪਾ ਨਾਲ ਅੱਖਰ ਤੱਕ ਭੀ ਨਹੀਂ ਪੜ੍ਹ ਸਕੀ ਸੀ, ਗਰੀਬ ਸਿੰਘ ਨੇ ਆਉਂਦਿਆਂ ਹੀ ਇਸ ਨੂੰ ਪੜ੍ਹਾਈ ਸ਼ੁਰੂ ਕਰਵਾ ਦਿੱਤੀ ਤੇ ਏਹ ਭੀ ਅਜੇਹੀ ਸਿਆਣੀ ਕਿ ਥ੍ਹੋੜਾ ਕੁ ਦਿਨਾਂ ਵਿਚ ਨਾਵਿਆਂ ਤੱਕ ਪਹੁੰਚ ਪਈ। ਵਾਹਿਗੁਰੂ ਜੀ ਦਾ ਭਾਣਾ ਸੂਰਜ ਗ੍ਰੈਹਨ ਦੇ ਦਿਨ ਦਰਵਾਜ਼ਿਓਂ ਛੁਟੀ ਸੀ ਤੇ ਹਰ ਇਕ ਟੱਬਰ ਦੇ ਤੀਵੀਆਂ ਮਰਦ ਅਸ਼ਨਾਨ ਨੂੰ ਜਾ ਰਹੇ ਸਨ ਵਿਚਾਰਾ ਗਰੀਬ ਸਿੰਘ ਵੀ ਸਾਥੀਆਂ ਨਾਲ ਦਰਿਆ ਤੇ

ਅਸ਼ਨਾਨ ਕਰਨ ਗਿਆ ਤੇ ਘਰ ਆਖ ਗਿਆ ਕਿ ਪ੍ਰਸ਼ਾਦ ਮੈਂ ਆਕੇ ਹੀ ਛਕਾਂਗਾ, ਕੀਹ ਜਾਣੀਏਂ ਵਿਚਾਰੇ ਨੂੰ ਜਮ ਹੀ ਲਜਾ ਰਹੇ ਸਨ! ਦਰਯਾ ਤੇ ਗਿਆ, ਚੰਗਾ ਤਾਰੂ ਸੀ, ਸਦਾ ਦੀ ਤਰਾਂ ਉਦਨ ਭੀ ਕੁਝ ਦੂਰ ਤਾਰੀ ਚਲਾ ਗਿਆ, ਭਾਣਾ ਕਰਤਾਰ ਦਾ, ਇਕ ਘੁੰਮਣ ਘੇਰ ਵਿਚ ਫਸ ਗਿਆ, ਦਮ ਟੁੱਟ ਗਿਆ ਤੇ ਕਿਨਾਰੇ ਵਾਲਿਆਂ ਦੇ ਵੇਖਦੇ ਹੀ ਵੇਖਦੇ ਵਿਚਾਰੇ ਦੇ ਪ੍ਰਾਣ ਪੰਖੇਰੂ ਉਡ ਗਏ, ਡੁੱਬੇ ਤੇ ਰੁੜ੍ਹੇ ਹੋਏ ਨੂੰ ਢੂੰਡਕੇ ਕਿਨਾਰੇ ਤਕ ਲਿਆਉਂਦੇ ਲਿਆਉਂਦੇ ਤੇ ਖੁਸ਼ੀ ਵਿੱਚ ਪ੍ਰਸੰਨਤਾ ਨਾਲ ਪਤੀ ਜੀ ਵਾਸਤੇ ਭੋਜਨ ਤਿਆਰ ਕਰਦੇ ੨ ਵਿਚਾਰੀ ਅਨਾਥ ਕੌਰ ਦਾ ਸੁਹਾਗ ਸਰੀਰ ਮਿੱਟੀ ਹੋ ਗਿਆ ਤੇ ਸੁਹਾਗ ਢਲ ਗਿਆ। ਇਹ ਵਿਚਾਰੀ ਘਰ ਪ੍ਰਸ਼ਾਦ ਵਾਸਤੇ ਉਡੀਕਦੀ ਸੀ ਤੇ ਓਧਰ ਇਹ ਕਾਰਾ ਹੋ ਗਿਆ। ਅੱਜ ਇਸ ਗੱਲ ਨੂੰ ਛੇ ਮਹੀਨੇ ਗੁਜ਼ਰ ਗਏ ਹਨ ਪਰ ਇਸ ਦੀ ਦਸ਼ਾ ਰੱਬ ਹੀ ਜਾਣਦਾ ਹੈ, ਕੁਝ ਤਾਂ ਵਿਚਾਰੀ ਬਾਲੜੀ ੧੫ ਵਰਿਹਾਂ ਦੀ ਉਮਰ, ਕੁਝ ਏਸਦੇ ਸਹੁਰਿਆਂ ਦੇ ਮਰਦ ਤੀਵੀਆਂ ਭੀ ਰੱਬ ਕਿਸੇ ਨੂੰ ਅਜੇਹਾ ਕਠੋਰ ਨਾ ਕਰੇ ਜੇਹੇ ਓਹ ਹਨ। ਦਿਨੇ ਰਾਤ ਵਿਚਾਰੀ ਨੂੰ ਮੇਹਣੇ, ਤਾਹਨੇ ਤੇ ਸੂਲਾਂ ਦੀ ਛੇਜ। ਸਾਰਾ ਦਿਨ ਕੁਝ ਕੰਮ ਦੀ ਮਾਰ ਤੇ ਕੁਝ ਜੂਠੇ ਭਾਂਡੇ ਮਾਂਜਣ ਤੇ ਘਰ ਦਾ ਚੌਕਾ ਭਾਂਡਾ ਕਰਨ ਵਿੱਚ ਹੀ ਬਿਆਕੁਲ ਹੋਈ ਰਹਿੰਦੀ ਹੈ। ਅੰਨ ਪਾਣੀ ਭੀ ਕਦੇ ਅੱਠੀਂ ਪਹਰੀਂ ਕਦੇ ਬਾਹਰੀਂ ਪਹਿਰੀਂ ਕਦੇ ਦੂਜੇ ਦਿਨ, ਇਸ ਹਾਲ ਵਿਚ ਹੀ ਬਿਤਾ ਰਹੀ ਹੈ। ਮੈਂ ਦੋ ਮਹੀਨੇ ਤੋਂ ਇਸ ਦੀ ਸੱਸ ਨੂੰ ਬੜੀਆਂ ਸਮਝੌਤੀਆਂ ਦੇ ਤੇ ਮਿੰਨਤਾਂ ਕਰ ਕਰਕੇ ਮਸਾਂ ਜਹੇ ਮਨਾਇਆ ਹੈ ਕਿ ਇਸ ਵਿਚਾਰੀ

ਨੂੰ ਕੁਝ ਪੜ੍ਹਨ ਲਿਖਨ ਦੀ ਆਗਿਆ ਦੇ ਦੇਵੋਂ, ਮੈਂ ਕਿਸੇ ਵੇਲੇ ਤੁਹਾਡੇ ਘਰ ਆਕੇ ਇਸ ਨੂੰ ਪੜ੍ਹਾ ਜਾਇਆ ਕਰਾਂਗੀ, ਏਸ ਤਰਾਂ ਇਸਦਾ ਜ਼ਰਾ ਮਾਮਾ ਜੀ ਪਰਚੇਗਾ, ਸੋ ਹੁਣ ਜੇਹੇ ਮਸਾਂ ਓਹ ਮੰਨੀ ਹੈ ਤੇ ਮੈਂ ਉਸਨੂੰ ਅੱਠ ਦਸ ਦਿਨ ਤੋਂ ਇਸਤ੍ਰੀ ਸਿਖ੍ਯਾ, ਇਕ ਪਵਿੱਤ੍ਰ ਜੀਵਨ, ਦੰਪਤੀ, ਆਤਮਕ ਉੱਨਤੀ, ਰੱਬੀ ਜੋੜ ਮੇਲਾ, ਸੁਭਾਗ ਕੌਰ, ਆਦਿ ਕੁਝ ਪੁਸਤਕਾਂ ਪੜ੍ਹਨ ਨੂੰ ਦਿੱਤੀਆਂ ਸਨ ਤੇ ਅੱਧਾ ਅੱਧਾ ਘੰਟਾ ਮੈਂ ਭੀ ਰੋਜ਼ ਆਕੇ ਪੜ੍ਹਾਨਾਂ ਸ਼ੁਰੂ ਕੀਤਾ, ਗਵਾਂਢ ਹੋਣ ਤੇ ਕਿਸੇ ਦਿਨ ਦੋ ਤਿੰਨ ਫੇਰੇ ਭੀ ਆ ਜਾਈਦਾ ਹੈ ਅਰ ਜਦੇ ਕਦੇ ਓਹ ਭੀ ਥੋੜਾ ਫਿਰ ਆ ਜਾਂਦੀ ਹੈ, ਪਰ ਅੱਜ ਸਵੇਰੇ ਮੈਂ ਨਿੱਤ ਨੇਮ ਤੋਂ ਵੇਹਲੀ ਹੋਈ ਹੀ ਸਾਂ ਤਾਂ ਏਸ ਵਿਚਾਰੀ ਦੀਆਂ ਵਿਲਕਣੀਆਂ ਦੀ ਅਵਾਜ਼ ਮੇਰੇ ਕੰਨੀਂ ਪਈ ਜੋ ਹੁਣ ਤਕ ਵਿਲਕ ਰਹੀ ਆਪ ਸੁਣ ਰਹੇ ਸਾ। ਇਹ ਉਸੇ ਅਨਾਥ ਕੌਰ ਦਾ ਵਿਰਲਾਪ ਹੈ। ਸਵੇਰੇ ਮੈਂ ਭੀ ਸੁਣਕੇ ਆਈ ਅਰ ਇਸ ਤਰਾਂ ਫੁੱਟ ਫੁੱਟ ਇਸਦੇ ਰੋਣ ਦਾ ਕਾਰਨ ਜਾਣਿਆਂ ਤਬ ਬੜਾ ਹੀ ਚਿੱਤ ਨੂੰ ਕਲੇਸ਼ ਹੋਇਆ।

ਖ਼ਿਆਲ ਸਿੰਘ—ਮਾਤਾ ਜੀ। ਤੁਸਾਡੇ ਏਤਨਾਂ ਦਿਲਾਸਾ ਦੇਣ ਤੇ ਧਿਆਨ ਰੱਖਣ ਤੇ ਭੀ ਇਸ ਬੀਬੀ ਨੂੰ ਅਜੇਹਾ ਕਲੇਸ਼ ਹੋਣ ਦਾ ਕੀਹ ਅਜੇਹਾ ਕਾਰਨ ਹੋਇਆ?

ਦਯਾ ਕੌਰ—ਵੀਰ ਜੀ। ਕੀ ਦੱਸਾਂ, ਵਿਧਵਾਂ ਦੇ ਦੁੱਖ ਦੇਣ ਵਾਲਿਆਂ ਦੀ ਦਸ਼ਾ ਆਪ ਜਾਣਦੇ ਹੀ ਹੋ, ਤੁਸੀ ਆਪ ਮੈਨੂੰ "ਵਿਧਵਾ ਵਿਰਲਾਪ" "ਹਰ ਪੰਜਾਂ ਵਿੱਚੋਂ ਇੱਕ ਵਿਧਵਾ" ਆਦਿ ਲੇਖ ਕਈ ਵਾਰੀ ਸੁਣਾਏ ਹਨ। ਮੈਂ ਕੀਹ ਦੱਸਾਂ? ਪਰ ਵਾਹਿਗੁਰੂ

ਨੇ ਸ੍ਰਿਸ਼ਟੀ ਵਿਚ ਕਠੋਰ ਭੀ ਅਜੇਹੇ ੨ ਪੈਦਾ ਕੀਤੇ ਹਨ ਜਿਨ੍ਹਾਂ ਦੇ ਰਤਾ ਭੀ ਤਰਸ ਨਹੀਂ। ਅੱਜ ਅਜੇ ਸੂਰਜ ਨਹੀਂ ਨਿਕਲਿਆ ਸੀ ਜੋ ਸਾਡੇ ਗਵਾਂਢ ਦੀ ਪੰਡਤਾਣੀ ਸੇਠਾਣੀ, ਅਤੇ ਅਨੋਖ ਸਿੰਘ ਦੀ ਬਿਰਧ ਮਾਤਾ ਨਾਲ ਹੋਰ ਦੋ ਤਿੰਨ ਬੁੱਢੀਆਂ 'ਅਨਾਥ ਕੌਰ' ਦੇ ਘਰ ਜਾ ਪਹੁੰਚੀਆਂ, ਉਸਨੇ ਸਭ ਨੂੰ ਆਦਰ ਦਿੱਤਾ, ਸਿਰ ਨਵਾਕੇ ਸਤ ਸ੍ਰੀ ਅਕਾਲ ਕਿਹਾ ਹੀ ਸੀ ਕਿ ਪੰਡਤਾਣੀ ਨੇ ਆਪਨੀ ਵਾਕ ਬਰਖਾ ਸ਼ੁਰੂ ਕਰ ਦਿੱਤੀ, ਹੱਛਾ ਹੁਣੇ ਹੀ ਤੈਨੂੰ ਭੀ ਸਤ ਸ੍ਰੀ ਅਕਾਲ ਆ ਗਿਆ ਹੈ, ਭਾਵੇਂ ਅੱਜ ਕੱਲ ਸਿੰਘ ਸਭੀਆਂ ਵੱਲੋਂ ਰੰਡੀਆਂ ਦੇ ਵਿਆਹਵਾਂ ਦਾ ਰੌਲਾ ਦੇਖਕੇ ਤੂੰ ਭੀ ਸਿੰਘ ਸਪਨ ਬਣਨ ਲੱਗੀ ਹੈਂ, ਇਹ ਅਜੇ ਚੁਪ ਨਹੀਂ ਕਰ ਚੁੱਕੀ ਸੀ ਕਿ ਬਿਰਧ ਮਾਈ ਜੀ ਨੇ ਸਹਿਜ ਨਾਲ ਪੁੱਛਿਆ ਕਿ "ਬੀਬੀ! ਗਰੀਬ ਸਿੰਘ ਜੀ ਨੂੰ ਕਾਲ ਹੋਇਆਂ ਕਿੰਨਾਂ ਚਿਰ ਹੋ ਗਿਆ ਹੈ?" ਇਹ ਸੁਣਕੇ ਅਨਾਥ ਕੌਰ ਦੇ ਅਾਂਸੂ ਭਰ ਆਏ, ਸਿਰ ਹੇਠਾਂ ਹੋ ਗਿਆ ਤੇ ਡਰੀ ਤੇ ਘਬਰਾਈ ਹੋਈ ਜ਼ਬਾਨ ਨਾਲ ਉੱਤਰ ਦਿੱਤਾ ਕਿ:-ਬੇਬੇ ਜੀ! ਛੇ ਕੁ ਮਹੀਨੇ। ਛੇ ਕੁ ਮਹੀਨੇ ਕਹਿੰਦੇ ਹੀ ਸੇਠਾਣੀ ਬੋਲੀ ਕਿ:-"ਕੁੜੇ ਅਜੇ ਛੇ ਕੁ ਮਹੀਨੇ ਹੀ ਹੋਏ ਹਨ ਤਾਂ ਤੂੰ ਕਦੇ ਔਹਦੇ ਘਰ ਜਾਹ, ਕਦੇ ਔਹਦੇ ਘਰ, ਕਦੇ ਪੋਥੀਆਂ ਪੜ੍ਹ, ਕਦੇ ਨਾਵੇਂ ਲਿਖ, ਕੀਹ ਏਹ ਗੱਲਾਂ ਰੰਡੀਆਂ ਨੂੰ ਚੰਗੀਆਂ ਲਗਦੀਆਂ ਹਨ? ਓਹੋ ਜੇਹੀ ਦਯਾ ਕੌਰ ਜੇਹੜੀ ਆਪਣੀਆਂ ਧੀਆਂ ਨੂੰਹਾਂ ਨਾਲ ਮੇਲ ਮਿਲਾਪ ਤੋਂ ਤੈਨੂੰ ਰਤਾ ਨਹੀਂ ਰੋਕਦੀ, ਨਹੀਂ ਤੇ ਸੁਹਾਗਣਾਂ ਤੇ ਰੰਡੀਆਂ ਦਾ ਮੇਲ ਮਿਲਾਪ ਤੇ ਪਿਆਰ ਕੇਹਾ! ਏਸਦੇ ਏਹ ਆਖਦੇ ਹੀ

ਇੱਕ ਹੋਰ ਤੀਵੀਂ ਬੋਲੀ:–'ਅਨਾਥੋ! ਤੈਨੂੰ ਤਾਂ ਘੱਟ ਤੋਂ ਘੱਟ ਇੱਕ ਵਰ੍ਹਾ ਦਲੀਜੋਂ ਪੈਰ ਭੀ ਬਾਹਰ ਨਹੀਂ ਪੌਣਾ ਚਾਹੀਦਾ'! ਫਿਰ "ਅਨੋਖ ਸਿੰਘ ਦੀ ਮਾਂ ਬੋਲੀ, ਨਹੀਂ, ਜੇ ਜਾਣਾਂ ਹੀ ਹੋਵੇ ਤਾਂ ਨਰੈਣ ਦੇਈ ਦੀ ਨੂੰਹ ਤੇ ਧੀ ਭੀ ਤਾਂ ਵਿਧਵਾ ਹੈ ਹੀ ਨਾਂ, ਉਨ੍ਹਾਂ ਨਾਲ ਕਦੇ ਦੇਵੀ ਦਵਾਰੇ ਜਾਂ ਛਵਾਲੇ ਹੋ ਆਈ। ਘਰੀਂ ਫਿਰਨ ਤੇ ਪੋਥੀਆਂ ਪੜ੍ਹਨ ਦਾ ਤਾਂ ਕੋਈ ਰਾਹ ਨਹੀਂ ਨਾ! ਏਹਨੇਂ ਕੋਈ ਨੌਕਰੀ ਕਰਨੀ ਹੈ ਜਾਂ ਖਸਮ ਨੂੰ ਚਿੱਠੀਆਂ ਲਿਖਣੀਆਂ ਹਨ। ਵਿਚਾਰੀ ਅਨਾਥ ਕੌਰ ਅਜੇਹੀ ਅਚਾਨਕ ਬੁਛਾੜ ਪੈਣ ਨਾਲ ਘਬਰਾ ਕੇ ਬੇਸੁੱਧ ਜੇਹੀ ਹੋ ਗਈ, ਇਤਨੇ ਵਿੱਚ ਉਸਦੀ ਸੱਸ ਭੀ ਪਾਸ ਆ ਪਹੁੰਚੀ, ਓਹ ਭੀ ਆਪਣੇ ਖ਼ਿਆਲ ਵਾਲੀਆਂ ਨਾਲ ਮਿਲਕੇ ਮਨ ਮੰਨੀਆਂ ਆਖਣ ਲੱਗੀ। ਵੀਰ ਜੀ! ਕੋਈ ਕਹਿਣ ਦੀਆਂ ਗੱਲਾਂ ਹਨ। ਏਹਨਾਂ ਭਲੀਆਂ ਲੋਕਾਂ ਨੇ ਤਾਂ ਵਿਚਾਰੀ ਦੀ ਮਿੱਟੀ ਬਾਲ ਦਿੱਤੀ, ਘਬਰਾ ਕੇ ਵਿਚਾਰੀ ਦੀਆਂ ਬਦੋ ਬਦੀ ਚੀਕਾਂ ਨਿਕਲ ਗਈਆਂ, ਬਲਦੀ ਤੇ ਤੇਲ ਪੌਣ ਵਾਲੀ ਇੱਕ ਹੋਰ ਬੁੱਢੀ ਬੋਲੀ: 'ਬੀਬੀ ਰੋ ਚਾਹੇ ਚਿੱਲਾ, ਜਦ ਬੇਰਾਹ ਚੱਲੇਂਗੀ ਤਾਂ ਸਭ ਕਿਸੇ ਨੇ ਹੀ ਰੋਕਣ੍ਹਾਂ ਹੈ' ਆਦਿਕ! ਸੋ ਇਨ੍ਹਾਂ ਦਰਦ ਵੇਦਨਾਂ ਦੀ ਕ੍ਰਿਪਾ ਨਾਲ ਵਿਚਾਰੀ ਪਤੀ ਦੇ ਵਿਛੋੜੇ ਦਾ ਵਿਲਾਪ ਕਰ ਰਹੀ ਹੈ, ਏਨੇਂ ਨੂੰ ਮੈਂ ਜਾ ਪਹੁੰਚੀ, ਮੇਰੇ ਨਾਲ ਬਰਾ ਸਾਰੀ ਗਲੀ ਵਾਲੀਆਂ ਕ੍ਰਿਪਾ ਹੀ ਰਖਦੀਆਂ ਹਨ ਕਿਉਂਕਿ ਸਰਦਾਰ ਹੁਰਾਂ ਨਾਲ ਗਲੀ ਦੇ ਸਾਰੇ ਮਨੁੱਖ ਪਿਆਰ ਕਰਦੇ ਹਨ ਤੇ ਸਭਨਾਂ ਨੂੰ ਏਨ੍ਹਾਂ ਨਾਲ ਕੋਈ ਨਾ ਕੋਈ ਕੰਮ ਰਹਿੰਦਾ ਹੈ, ਸੋ ਮੈਨੂੰ ਦੇਖਕੇ ਸਭ ਪੱਛਤਾਣੀ

ਵੈਰੀਆਂ ਚੁੱਪ ਕਰਕੇ ਝੜ ਬੜ ਕਰਦੀਆਂ ਸਹੇਲੀਆਂ ਨੇ ਵਿਚਾਰੀ ਦਾ ਖਹਿੜਾ ਤਾਂ ਛਡ ਗਈਆਂ, ਪਰ ਵਿਚਾਰੀ ਕੁੜੀ ਕੋਠਿਓਂ ਛਾਲਾਂ ਮਾਰਨ, ਜਾਂ ਫਾਹ ਲੈਣ, ਜਾਂ ਡੁੱਬ ਮਰਨ ਵਾਸਤੇ ਤਿਆਰ ਹੋਈ ਸੀ। ਮੈਂ ਜਾਕੇ ਬਹੁਤ ਸਾਰੀ ਢਾਰਸ ਦਿੱਤੀ, ਸਮਝਾਯਾ, ਬੁਝਾਯਾ, ਉਸਦੀ ਸੱਸ ਨੂੰ ਸਮਝਾਯਾ, ਹੁਣ ਮਸਾਂ ਵਿਚਾਰੀ ਜ਼ਰਾ ਚੁੱਪ ਕੀਤਾ ਹੈ, ਇਹ ਉੱਸੇ ਦੇ ਵਿਲਾਪ ਦਾ ਹੀ ਕਝ ਹਿੱਸਾ ਆਪ ਦੇ ਕੰਨੀਂ ਪਿਆ ਹੈ। ਭਾਈ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੀ ਨੇ ਇਹ ਸਾਰਾ ਹਾਲ ਸੁਣ ਕੇ ਚਿੱਤ ਨੂੰ ਡਾਢੀ ਸੱਟ ਵੱਜੀ ਸ੍ਰੀ ਵਾਹਿਗੁਰੂ! ਸ੍ਰੀ ਵਾਹਿਗੁਰੂ!! ਸ੍ਰੀ ਵਾਹਿਗੁਰੂ!!! ਆਖਦੇ ਨੇਤ੍ਰਾਂ ਵਿੱਚ ਅੰਸੂ ਭਰ ਆਏ ਤੇ ਬੋਲੇ:—

ਮਾਤਾ ਜੀ! ਕਿਸ ਦਿਨ ਕੀ ਅਜੇਹੀ ਆਗਯਾ ਹੋਵੇ। ਕਿ ਇਸ ਮਾਸੂਮ ਲੜਕੀਆਂ ਚਾਰ ਵੇਰੇ ਲੈਣ ਦੀਆਂ ਕੋ, ਹੋਕੇ ਸਦਾ ਸੂਲਾਂ ਦੀ ਸੇਜ ਤੇ ਪੈ ਜਾਣ, ਜਿੱਥੇ ਹਰ ਪਲਾਂ ਵਿੱਚੋਂ ਇੱਕ ਨਿਸਤ੍ਰੀ ਇਸਤ੍ਰੀਆਂ ਵਿਲਕ ਰਹੀ ਹੋਵੇ। ਜਿੱਥੋਂ ਅਜੇਹੀਆਂ ਦੁਖਿਆਰੀਆਂ ਦੇ ਹਾਉਕੇ ਅੱਠੇ ਪਹਰ ਨਿਕਲ ਰਹੇ ਹੋਣ ਉਸ ਦੇਸ ਨੇ ਕੀਹ ਉੱਨਤ ਹੋਣਾਂ ਹੋਇਆ। ਕਿਉਂ ਨਾਂ ਓਹ ਦੇਸ਼ ਦਿਨੋਂ ਦਿਨ ਰਸਾਤਲ ਨੂੰ ਜਾਵੇ। ਮਾਤਾ ਜੀ ਧੰਨ ਹੋ! ਤੁਸੀਂ ਜੇਹੜੇ ਅਜੇਹੀਆਂ ਅਨਾਥਾਂ ਨੂੰ ਦਿਲਾਸੇ ਦੇਂਦੇ ਰਹਿੰਦੇ ਹੋ! ਅਸੀਂ ਇਸ ਬੀਬੀ ਦੇ ਮਾਤਾ ਪਿਤਾ ਅਰ ਸਹੁਰੇ ਨੂੰ (ਜੋ ਸਾਡੇ ਜਾਣੂੰ ਹਨ) ਸਮਝਾਣ ਦਾ ਯਤਨ ਕਰਾਂਗੇ। ਸਤਿਗੁਰੂ ਜੀ ਸਾਡੇ ਵੀਰਾਂ ਦੇ ਦਿਲਾਂ ਵਿੱਚ ਕੁਝ ਦਯਾ ਪਾਵੇ ਜਿਸਤੇ ਇਨਾਂ ਦੁਖਿਆਰੀਆਂ ਦਾ ਕੁਝ ਦੁੱਖ ਹੌਲਾ ਹੋਜਾਵੇ। ਕਿਉਂ ਪਿਆਰੇ ਪਾਠਕ ਜੀ! ਜਾਂ ਹੁਣ ਨ

ਵਾਲਿਓ ! ਕੁਝ ਚਿੱਤ ਵਿਚ ਦਯਾ ਆਈ ਹੈ ਤਾਂ ਕੁਝ ਦਯਾ ਵਰਤੋ। ਤੇ ਅੱਗੇ ਦੇਖੋ ਏਨ੍ਹਾਂ ਦੁਖੀਆਂ ਦੀ ਗਿਣਤੀ"।

੨—ਹਰ ਪੰਜਾਂ ਵਿਚੋਂ ਇਕ ਵਿਧਵਾ!

ਭਾਰਤ ਵਰਸ਼ ਦੀ ਮਰਦਮ ਸ਼ੁਮਾਰੀ ਦੀ ਰੀਪੋਰਟ ਵਿਚੋਂ ਇਹ ਪੜ੍ਹ ਕੇ ਹ੍ਰਿਦਯ ਫਟਦਾ ਹੈ ਕਿ ਭਾਰਤ ਵਰਖ ਵਿਚ ਸੰਨ ੧੯੦੧ ਈ: ਵਿਚ ਇੱਕ ਬਰਸ ਤੋਂ ਘੱਟ ਉਮਰ ਦੀਆਂ ਵਿਧਵਾ ਇਸਤ੍ਰੀਆਂ ੧ ਹਜ਼ਾਰ ੬੪ ਸਨ, ਜਿਨ੍ਹਾਂ ਵਿਚੋਂ ਹਿੰਦੂਆਂ ਦੀਆਂ ੮ ਸੌ ੫੯ ਹਨ। ਇਕ ਬਰਸ ਤੋਂ ਦੋ ਬਰਸ ਦੀਆਂ ਕੁੱਲ ੧੨ ਸੌ ੧੭ ਜਿਨ੍ਹਾਂ ਵਿਚ ਹਿੰਦੂਆਂ ਦੀਆਂ ੧ ਹਜ਼ਾਰ ੩੯ ਹਨ। ਦੋ ਬਰਸ ਤੋਂ ਤਿੰਨ ਬਰਸ ਤਕ ਦੀਆਂ ੨੨ ਸੌ ੭੧ ਸਨ, ਜਿਨ੍ਹਾਂ ਵਿਚੋਂ ਹਿੰਦੂ ੧੮ ਸੌ ੮੬। ਤਿੰਨ ਬਰਸ ਤੋਂ ਚਾਰ ਬਰਸ ਤਕ ਦੀਆਂ ੪੫ ਸੌ ੧੩, ਜਿਨ੍ਹਾਂ ਵਿਚੋਂ ੩੭ ਸੌ ੧੦ ਹਿੰਦੂਆਂ ਦੀਆਂ ਹਨ। ੪ ਤੋਂ ੫ ਬਰਸ ਤਕ ਦੀਆਂ ਵਿਧਵਾ ਕੁੱਲ ੧੭ ਹਜ਼ਾਰ ੮੨੨ ਹਨ ਜਿਨ੍ਹਾਂ ਵਿਚੋਂ ਹਿੰਦੂਆਂ ਦੀਆਂ ੮ ਹਜ਼ਾਰ ੧ ਸੌ ੮੨ ਹਨ। ੫ ਬਰਸ ਤੋਂ ੧੦ ਬਰਸ ਤਕ ਦੀ ਉਮਰ ਦੀਆਂ ਵਿਧਵਾ ੮੫ ਹਜ਼ਾਰ ੭ ਸੌ ੬੮ ਹਨ, ਜਿਨ੍ਹਾਂ ਵਿਚੋਂ ਹਿੰਦੂ ਵਿਧਵਾ ੭੮ ਹਜ਼ਾਰ ੪ ਸੌ ੭ ਹਨ। ੧੦ ਤੋਂ ੧੫ ਸਾਲ ਦੀ ਉਮਰ ਵਾਲੀਆਂ ਵਿਧਵਾ ਦੋ ਲਖ ੭੫ ਹਜ਼ਾਰ ੮ ਸੌ ੬੨ ਹਨ ਜਿਨ੍ਹਾਂ ਵਿੱਚੋਂ ਹਿੰਦੂਆਂ ਦੀਆਂ ਦੋ ਲੱਖ ੨੭ ਹਜ਼ਾਰ ੩ ਸੌ ੬੭ ਹਨ। ੨੦ ਬਰਸ ਤੋਂ ੨੫ ਬਰਸ ਦੀ ਉਮਰ ਦੀਆਂ ਵਿਧਵਾ ੯ ਲੱਖ ੨੮ ਹਜ਼ਾਰ ੭ ਸੌ ੨੫ ਹਨ, ਜਿਨ੍ਹਾਂ ਵਿੱਚੋਂ ੭ ਲੱਖ ੩੨ ਹਜ਼ਾਰ ੩ ਸੌ ੪੫ ਹਿੰਦੂਆਂ ਦੀਆਂ ਹਨ। ੩੦ ਤੋਂ ੪੦

ਬਰਸ ਤਕ ਦੀਆਂ ਵਿਧਵਾ ੪੩ ਲੱਖ ੩੫ ਹਜ਼ਾਰ ੯ ਸੌ ੫੨ ਹਨ, ਜਿਨ੍ਹਾਂ ਵਿੱਚੋਂ ਹਿੰਦ ਵਿਧਵਾ ੩੩ ਲੱਖ ੭੬ ਹਜ਼ਾਰ ੨ ਸੌ ੬੧ ਹਨ। ਇਸੇ ਤਰਾਂ ੪੦ ਬਰਸ ਤੋਂ ੫੦ ਬਰਸ ਤਕ ਦੀਆਂ ੬੧ ਲੱਖ ੩੪ ਹਜ਼ਾਰ ੫ ਸੌ ੩੦, ਜਿਨ੍ਹਾਂ ਵਿੱਚੋਂ ੪੬ ਲੱਖ ੩੭ ਹਜ਼ਾਰ ੧ ਸੌ ੧੪ ਹਿੰਦੂ ਵਿਧਵਾ ਹਨ। ੫੦ ਤੋਂ ੬੦ ਬਰਸ ਤੱਕ ਦੀ ਉਪਰ ਦੀਆਂ ੫੫ ਲਖ ੩੪ ਹਜ਼ਾਰ ੮੬ ਹਨ। ਜਿਨ੍ਹਾਂ ਵਿਚੋਂ ੪੨ ਲੱਖ ੮੧ ਹਜ਼ਾਰ ੭ ਸੌ ੧੫ ਹਿੰਦੂ ਵਿਧਵਾ ਹਨ। ੬੦ ਬਰਸ ਤੋਂ ਬੜੀ ਉਮਰ ਦੀਆਂ ਵਿਧਵਾ ੬੫ ਲੱਖ ੯੬ ਹਜ਼ਾਰ ੮ ਸੌ ੩੯ ਹਨ ਜਿਨ੍ਹਾਂ ਵਿੱਚੋਂ ੪੮ ਲੱਖ ੬੪ ਹਜ਼ਾਰ ੩ ਸੌ ੧੭ ਹਿੰਦੂ ਵਿਧਵਾ ਹਨ। ੫ ਹਜ਼ਾਰ ੨੭੯ ਅਜੇਹੀਆਂ ਹਨ ਜਿਨ੍ਹਾਂ ਦਾ ਕੁਝ ਪਤਾ ਹੀ ਨਹੀਂ ਕਿ ਕਿਸ ਜ਼ਾਤ ਦੀਆਂ ਹਨ। ਇਹ ਸਭ ਵਿਧਵਾਂ ੨ ਕ੍ਰੋੜ ੫੮ ਲੱਖ ੯੧ ਹਜਾਰ ੯ ਸੌ ੩੬ ਹਨ ਜਿਨ੍ਹਾਂ ਵਿਚੋਂ ੧ ਕ੍ਰੋੜ ੯੭ ਲੱਖ ੩੮ ਹਜਾਰ ੪ ਸੌ ੬੮ ਹਿੰਦੂਆਂ ਦੀਆਂ ਹਨ। ਕੁੱਲ ਭਾਰਤ ਵਰਸ਼ ਵਿਚ ੧੪ ਕਰੋੜ ੩੯ ਲੱਖ ੫੬ ਹਜਾਰ ੪ ਸੌ ੪੭ ਇਸਤ੍ਰੀਆਂ ਹਨ। ਇਨ੍ਹਾਂ ਵਿਚੋਂ ਉਪਰ ਲਿਖੀਆਂ ਵਿਧਵਾਵਾਂ ਦਾ ਹਸਾਬ ਲਗਾਇਆ ਜਾਵੇ ਤਦ ਪਤਾ ਲਗਦਾ ਹੈ ਕਿ ਹਰ ਪੰਜ ਇਸਤ੍ਰੀਆਂ ਵਿਚੋਂ ਇਕ ਇਸਤ੍ਰੀ ਵਿਧਵਾ ਹੈ। ਅਜੇ ਸੰਨ ੧੯੦੨ ਤੋਂ ੧੯੧੮ ਤੱਕ ਦਾ ਪਤਾ ਨਹੀਂ ਕਿਉਂ ਕਿ ਪਲੇਗ ਰਾਖਸ਼ਸ ਨੇ ਏਸ ਚਿਰ ਵਿਚ ਇਸ ਦੇਸ਼ ਦੀ ਬਹੁਤ ਹੀ ਦੁਰਦਸ਼ਾ ਕੀਤੀ ਹੈ ਅਤੇ ਏਸ ਭਯਾਨਕ ਮਰਜ਼ ਨਾਲ ਜਿਤਨੀਆਂ ਮੌਤਾਂ ਦੇਖੀਆਂ ਸੁਣੀਆਂ ਹਨ ਸਭ ਤੋਂ ਵੱਧ ਆਦਮੀ, ਸੋ ਭੀ ਨੌ ਜਵਾਨ ਲੋੜਵੰਦੇ ਅਤੇ ਭਲੇ ਭਲੇ! ਹਾਇ! ਹਾਇ!! ਜਿਸ ਅਭਾਗੇ ਦੇਸ਼

ਜੀ ਏਹ ਦਸ਼ਾ ਹੈ ਓਹ ਕਿਸਤਰਾਂ ਦੀ ਉੱਨਤੀ ਕਰ ਸਕਦਾ ਹੈ ? ਕੀ ਅਜੇਹੇ ਦੇਸ ਵਿੱਚ ਸ਼ਾਂਤੀ ਰਹਿ ਸਕਦੀ ਹੈ ? ਫਿਰ ਇਥੋਂ ਤੱਕ ਦੁਰਦਸ਼ਾ ਕਿ ਬਰ੍ਹੇ ਵਰ੍ਹੇ ਦੋ ਦੋ ਵਰ੍ਹੇ ਦੀਆਂ ਬਾਲ ਵਿਧਵਾਂ ਜਵਾਨੀ ਦੇ ਦੁੱਖ ਭੋਗਦੀਆਂ ਜਣਦਿਆਂ ਅਤੇ ਸਹੇੜਦਿਆਂ ਦੀਆਂ ਜੜ੍ਹਾਂ ਨੂੰ ਹਰ ਵੇਲੇ ਦੀਆਂ ਹਾਹ । ਦੇਕੇ ਦਗਧ ਕਰਦੀਆਂ ਹੋਣ ਓਹ ਦੇਸ਼ ਕਦੇ ਵਿੱਦਯਾ, ਬਲ, ਬੁਧੀ ਦੀ ਪ੍ਰਾਪਤੀ ਕਰ ਸਕਦਾ ਹੈ? ਨਹੀਂ।। ਪਰਮਾਤਮਾ ! ਕਿਰਪਾ ਕਰੋ। ਭਾਰਤ ਵਾਸੀਆਂ ਨੂੰ ਉੱਤਮ ਬੁੱਧੀ ਪ੍ਰਦਾਨ ਕਰੋ ।।

੩—ਵਿਧਵਾ ਵਿਲਾਪ।

ਉੱਪਰ ਪਰਗਟ ਹੋ ਚੁਕਾ ਹੈ ਕਿ ਭਾਰਤਵਰਸ਼ ਦੀ ਸਭ ਦੀ ਸਭ ਇਸਤ੍ਰੀਆਂ ਦੀ ਗਿਣਤੀ ਦੇ ਮੁਕਾਬਲੇ ਤੇ 'ਵਿਧਵਾ' ਦੀ ਗਿਣਤੀ ਕਰਨ ਤੇ ਪਤਾ ਲਗਦਾ ਹੈ ਕਿ ਭਾਰਤਵਰਸ਼ ਵਿਚ ਹਰ ਪੰਜ ਇਸਤ੍ਰੀਆਂ ਵਿੱਚੋਂ ਇਕ ਵਿਧਵਾ ਹੈ ਜਿਸਨੂੰ ਪੜ੍ਹ ਸੁਣਕੇ ਰੌਂਗਟੇ ਖੜੇ ਹੁੰਦੇ ਹਨ। ਇਸਦੇ ਜੋ ਭਯਾਨਕ ਨਤੀਜੇ ਨਿਕਲ ਰਹੇ ਹਨ ਓਹ ਕੌਣ ਨਹੀਂ ਜਾਣਦਾ। ਜਿਸ ਸਮੇਂ ਇਸਤ੍ਰੀਆਂ ਸਤੀ ਹੋ ਜਾਂਦੀਆਂ ਸਨ ਤਾਂ ਓਹ ਭਾਵੇਂ ਬੜਾ ਹੀ ਕਸ਼ਟ ਅਤੇ ਈਸ਼੍ਵਰੀਯ ਨਿਯਮਾਂ ਦੇ ਮਹਾਨ ਵਿਰੁੱਧ ਸੀ, ਪਰ ਇੱਕ ਛਿਨ ਭਰ ਦੇ ਦੁੱਖ ਤੋਂ ਉਮਰ ਭਰ ਦੀ ਹਿਰਦਯ ਦੀ ਧੁਖਦੀ ਚਿਖਾ ਘੋਰ ਚਿੰਤਾ, ਅਤੇ ਅਨੇਕ ਤਰਾਂ ਦੀਆਂ ਬਿਪਤਾ ਤੋਂ ਛੁਟ ਜਾਂਦੀਆਂ ਸਨ। ਪਹਿਲੇ ਸਮੇਂ ਵਿੱਚ ਗੁਰੂ ਸਾਹਿਬ ਜੀ ਨੇ ਇਸ ਕੁਰੀਤੀ ਦਾ ਖੰਡਨ ਕੀਤਾ ਅਤੇ ਸਾਥ ਹੀ

ਵਿਧਵਾ ਵਿਵਾਹ ਦਾ ਪ੍ਰਚਾਰ ਕਰਕੇ ਦੇਸ਼ ਨੂੰ ਦੁਰਦਿਸ਼ਾ ਤੋਂ ਬਚਾਨ ਦਾ ਭੀ ਪੂਰਾ ਬਾਨ੍ਹਣੂੰ ਬੰਨ੍ਹ ਦਿੱਤਾ। ਕ੍ਰਿਪਾਲੂ ਗੁਵਰਨਮਿੰਟ ਨੇ ਇਸ ਭੈੜੀ (ਸਤੀ ਦੀ) ਰਸਮ ਨੂੰ ਬੰਦ ਕਰਕੇ ਆਪਣੀ ਦਯਾ ਪ੍ਰਗਟ ਕੀਤੀ ਹੈ ਪਰ ਦੂਸਰੀਆਂ ਬਿਪਤਾਂ ਜੋ ਉਸ ਥੋੜ੍ਹੇ ਚਿਰ ਦੇ ਦੁੱਖ ਤੋਂ ਬਹੁਤ ਹੀ ਵਧਕੇ ਹਨ ਉਨ੍ਹਾਂ ਦਾ ਕੁਛ ਭੀ ਧਿਆਨ ਨਹੀਂ ਦਿੱਤਾ। ਏਹ ਬਾਤ ਪ੍ਰਤੱਖ ਹੈ ਕਿ ਜੇਕਰ ਕੋਈ ਕਿਸੇ ਵਗਦੇ ਹੋਏ ਜ਼ਖਮ ਨੂੰ ਬਾਹਰੋਂ ਮਰਹਮ ਲਗਾ ਕੇ ਅੱਛਾ ਕਰ ਦੇਵੇ ਅਤੇ ਉਸਦੇ ਅੰਦਰ ਦਾ ਜਿਸਦੀ ਜੜ੍ਹ ਰੁਧਿਰ ਅਤੇ ਹੱਡੀਆਂ ਤੱਕ ਪਹੁੰਚੀ ਹੋਈ ਹੈ ਕੁਝ ਉਪਾਵ ਨਾਂ ਕਰੇ ਤਦ ਉਹ ਜਰੂਰ ਦੂਸਰੇ ਭਯਾਨਕ ਰੂਪ ਵਿਚ ਪਰਗਟ ਹੋਵੇਗਾ। ਉਸੇ ਤਰਾਂ ਸਤੀ ਹੋਣ ਦੀ ਰਸਮ ਦੇ ਬੰਦ ਹੋ ਜਾਵਨ ਅਤੇ ਦੂਜੇ ਪਾਸੇ ਵਿਧਵਾਂ ਦੇ ਦੁੱਖ ਕੱਟਣ ਦਾ ਕਾਨੂੰਨ (ਪੁਨਰ ਵਿਵਾਹ ਦੇ) ਨਾ ਹੋਵਣ ਦੇ ਨਤੀਜੇ ਅੱਜ ਲੱਖਾਂ ਅਨਾਥ ਬਾਲ ਵਿਧਵਾਵਾਂ ਅਨੇਕ ਦੁੱਖ ਕਸ਼ਟ ਉਠਾ ਰਹੀਆਂ ਹਨ। ਚਿੰਤਾ ਅਗਨੀ ਨੇ ਜਿਨ੍ਹਾਂ ਦੇ ਸ੍ਰੀਰ ਦੀ ਤੁਚਾ ਤਕ ਦਗਧ ਕਰ ਦਿੱਤੀ ਹੈ। ਅਨੇਕ ਤਰਾਂ ਦੇ ਪਾਪ, ਅਤਯਾਚਾਰਾਂ ਨਾਲ ਬਿਚਾਰੀਆਂ ਦੇ ਜੀਵਨ ਬਤੀਤ ਹੋ ਰਹੇ ਹਨ, ਉਨ੍ਹਾਂ ਦੁਖਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਮਨੁੱਖਾਂ ਵਿੱਚ ਨਹੀਂ ਹੈ ਅਤੇ ਨਾਂ ਮਨੁੱਖ ਹਿਰਦਯ ਸੁਣਨ ਦੀ ਸ਼ਕਤੀ ਰਖਦਾ ਹੈ। ਪਰ ਅਜ ਕੱਲ ਦੇ ਬੇਵਿਚਾਰ ਹਠੀ, ਪਿਤਾ ਪੁਰਖੀਆਂ ਦੇ ਗੁਲਾਮ ਧਰਮੀਆਂ ਨੂੰ ਛਡ ਕੇ ਇੱਕ "ਦਰਦ ਅੰਗੇਜ਼ ਨਜ਼ਾਰਾ" ਨਾਮ ਦੀ ਕਵਿਤਾ "ਆਰਯਾ ਗੈਜ਼ਟ" ਵਿੱਚ ਲਿਖੀ ਹੈ, ਇਸਦੇ ਲਿਖਕ

ਵਾਲੇ ਹਨ "ਅਮਰਨਾਥ ਮੋਹਸਿਨ" ਇਹ ਕਵਿਤਾ ਅਜੇਹੀ ਦਿਲ ਹਿਲਾ ਦੇਵਨ ਵਾਲੀ ਹੈ ਕਿ ਕੋਈ ਦਯਾਲੂ ਹਿਰਦਯ ਵਾਲਾ ਇਸਨੂੰ ਪੜ੍ਹਕੇ ਅੰਸੂ ਵਹਾਏ ਬਿਨਾਂ ਨਹੀਂ ਰਹਿ ਸਕਦਾ! ਇੱਕ ਛੋਟੀ ਉਮਰ ਦੀ ਹਿੰਦੂ ਲੜਕੀ ਦੀ ਸ਼ਾਦੀ ਹੋ ਗਈ, ਸ਼ਾਦੀ ਦੇ ਦੂਸਰੇ ਦਿਨ ਹੀ ਉਹ ਵਿਧਵਾ ਹੋ ਗਈ। ਇਸ ਬਿਪਤਾ ਦੇ ਕਾਰਨ ਉਸਨੇ ਬੇਜਨ ਭੇਦੀ ਵਿਲਾਪ ਸ਼ੁਰੂ ਕੀਤਾ, ਵਿਰਲਾਪ ਕਰਦੇ੨ ਬਿਚਾਰੀ ਬੇਹੋਸ਼ ਹੋ ਗਈ, ਬਿਹੋਸ਼ੀ ਵਿੱਚ ਉਸਨੇ ਸਮਝਿਆ ਕਿ ਉਸਦਾ ਪਤੀ ਉਸਨੂੰ ਦਿਲਾਸਾ ਦਿੰਦਾ ਹੋਇਆ 'ਹਿੰਦੂ ਸਮਾਜ ਦੀ ਸਖਤੀ ਪਰ ਅਫ਼ਸੋਸ ਕਰ ਰਿਹਾ ਹੈ, ਇਸ ਕਾਰਨ ਤੇ ਜਦ ਉਹ ਹੋਸ਼ ਵਿਚ ਆਈ, ਤਦ ਉਹ ਹੋਰ ਭੀ ਚੀਖਾਂ ਮਾਰ ਮਾਰਕੇ ਰੋਣ ਲਗ ਪਈ, ਅੰਤ ਵਿੱਚ ਦੁੱਖ ਦੇ ਪ੍ਰਵਾਹ ਵਿੱਚ ਉਹ ਭੀ ਸਮਾਪਤ ਹੋਗਈ, ਅਤੇ ਪਤੀ ਪਤਨੀ ਦੋਹਾਂ ਨੂੰ ਇੱਕ ਸਾਥ ਹੀ ਸ਼ਮਸ਼ਾਨ ਯਾਤਰਾ ਕਰਨੀ ਪਈ। ਕਵਿਤਾ ਦੇ ਅੰਤ ਵਿੱਚ ਕਵੀ ਨੇ ਹਿੰਦੂ ਸਮਾਜ ਪਾਸ ਬਾਲ ਵਿਧਵਾਵਾਂ ਪਰ ਦਯਾ ਕਰਨ ਦੀ ਅਪੀਲ ਕੀਤੀ ਹੈ। ਇਸ ਕਵਿਤਾ ਦੇ ਦੋ ਖ਼ਾਸ ਨਮੂਨੇ ਅਸੀਂ ਅੱਗੇ ਪ੍ਰਕਾਸ਼ਤ ਕਰਦੇ ਹਾਂ। ਯਥਾ:-

[ਵਿਰਲਾਪ !!!]

ਸਿਰਤਾਜ ਮੇਰੇ ਵਾਲੀ, ਮੇਰੇ ਪਰਾਨ ਸੇ ਪਯਾਰ। ਬੇ ਵਕਤ ਕਹਾਂ ਜਾਤ ਹੋ ਕਯੋਂ ਹਾਯ ਸਿਧਾਰੇ। ਛੋੜਾ ਹੈ ਮੁਝੇ ਆਪ ਨੇ ਅਬ ਕਿਸਕੇ ਸਹਾਰੇ। ਇਕ ਸਾਥ ਸੇ ਕਹਨਾ, ਥੇ ਯਹੀ ਵਾਦੇ ਤੁਮਾਰੇ॥ ਵੁਹ ਕੌਲ ਕਹਾਂ ਔਰ ਵਹ ਇਕਰਾਰ ਕਹਾਂ ਹੈਂ। ਦੋ ਦਿਨ ਹੀ ਮੇਂ ਬੇ ਅਹਦੀ ਕੇ

ਅਨਵਾਨ ਅਯਾਂ ਹੈਂ। ਵਾਯਦਾ ਤੋ ਥਾ ਯੇਹ ਸਾਥ ਨ ਛੋੜੇਂਗੇ ਕਭੀ ਭੀ। ਆਈਨਾ ਦਿਲ ਤੇਰਾ ਨ ਫੋੜੇਂਗੇ ਕਭੀ ਭੀ। ਇਸ ਰਿਸ਼ਤੇ *ਉਲਫਤ ਕੋ ਨ ਤੋੜੇਂਗੇ ਕਭੀ ਭੀ। ਮੂੰਹ ਤੇਰੀ ਮੁਹੱਬਤ ਸੇ ਨ ਮੋੜੇਂਗੇ ਕਭੀ ਭੀ॥ ਕਯੋਂ ਕਹੀਏ ਤੋ ਕਯਾ ਆਪਕੋ ਯੇਹ ਧਯਾਨ ਮੇਂ ਆਯਾ। ਕਯੋਂ ਨਕਸ਼ ਵਫਾ ਆਪਨੇ ਇਸ ਤਰਹ ਮਿਟਾਯਾ॥ ਸੋਚੋ ਤੋ ਕੋਈ ਐਸੀ ਕਭੀ ਕਰਤਾ ਹੈ ਫਲਦੀ। ਜਿਸ ਤਰਹ ਕੀਏ ਜਾਨ ਜਹਾਂ ਆਪਨੇ ਆਯੂ ਕੀ। ਕੰਗਨਾ ਹੈ ਉਧਰ ਤਾਜ਼ਾ ਇਧਰ ਤਾਜ਼ਾ ਹੈ ਮੇਂਹਦੀ ਜਾਮੇਂ ਕੀ ਸਫੇਦੀ ਭੀ ਜ਼ਰਾ ਸੀ ਨਹੀਂ ਬਦਲੀ॥ ਸਿਹਰੇ ਭੀ ਅਭੀ ਸਿਰ ਕੇ ਤੋ ਮੁਰਝਾਏ ਨਹੀਂ ਹੈਂ॥ ਕਯਾ ਚੂੜੇ ਕੇ ਭੀ ਰੌਗਨ ਮੇਂ ਫਿਕਨ ਆਏ ਨਹੀਂ ਹੈਂ॥ ਕਯਾ ਇਸਲੀਏ ਜਾਮਾਂ ਥਾ ਯਹ ਸ਼ਾਦੀ ਕਾ ਮਿਲਾਯਾ॥ ਕਯਾ ਇਸ ਲੀਏ ਗੁਲਸ਼ਨਾ ਥਾ ਚੇਹਰੇ ਪੇ ਲਗਾਯਾ ? ਉੜ ਜਾਓਗੇ ਜੂੰ †'ਨਗਹਤੇ' ਗੁਲਜ਼ਾਰ ਜਹਾਂ ਸੇ। ਜਾਓਗੇ ਅਭਾਗਨ ਕੇ ਸੁਹਾਗੋਂ ਕੋ ਜਲਾ ਕੇ॥ ਜਿਸ ਵਕਤ ਸੇ ਯੋਂ ਆਪਨੇ ਬਦਲੀ ਹੈਂ ਨਿਗਾਹੇਂ। ਉਸ ਵਕਤ ਸੇ ਹੀ ਬੰਦ ਹੈਂ ਸਬ ਪਜ਼ਾਰ ਕੀ ਰਾਹੇਂ। ਹਰ ਏਕ ਮੁਝੇ ਦੇਖਤੇ ਹੀ ਭਰਤਾ ਹੈ ਆਹੇਂ। ਨ ਮੇਰੀ ਮੁਹੱਬਤ ਹੈ ਕਿਸੀ ਕੋ ਨ ਹੈ ਚਾਹੇਂ। ਬੇਜ਼ਾਰ ਮੇਰੀ ਸ਼ਕਲ ਸੇ ਹੈ ਸਾਰਾ ਘਰਾਨਾ। ਵੈਰੀ ਹੈ ਮੇਰਾ ਪ੍ਰਾਣਪਤਿ। ਸਾਰਾ ਜ਼ਮਾਨਾ॥ ਜਿਨ ਆਂਖੋਂ ਮੇਂ ਥੀ ਫੂਲ ਅਬ ਖਾਰ‡ਹੂਈ ਹੂੰ। ਮੈਂ ਆਪਨੇ ਹੀ ਕੁਨਬੇ ਕੇ ਲੀਏ §ਆਰ ਹੂਈ ਹੂੰ। ਬੇਕਸ ਹੂੰ ਮੈਂ ਬੇਬਸ ਹੂੰ ਮੈਂ, ਲਾਚਾਰ ਹੂਈ ਹੂੰ। ਸੱਚ ਕਹਤੀ ਹੂੰ ਮੈਂ ਜੀਨੇ ਸੇ

*ਪ੍ਰੇਮ ਦਾ ਸੰਬੰਧ। †ਫੁੱਲ ਦੀ ਖੁਸ਼ਬੂ। ‡ਕੰਡਾ। §ਦੋਸ਼ ਭਾਰੂ।

ਬੇਚਾਰ ਹੂਈ ਹੂੰ। ਮਨਹੂਸ ਕੋਈ ਕਹਤਾ ਹੈ ਔਰ ਕੋਈ ਅਭਾਗਨ। ਕਹਤਾ ਹੈ ਕੋਈ 'ਕਯੋਂ' ਨਾ ਮਰੀ ਹੋਤੇ ਹੀ ਡਾਯਨ। ਐ ਪ੍ਰਾਣ ਪਤਿ! ਯੋਂ ਮੁਝੇ ਤਾਨੇ ਨ ਦਿਲਾਓ। ਮੁਝ ਦੁਖਿਯਾ ਪੈ ਦੁਨੀਆਂ ਕੋ ਨ ਇਸਤਰਹ ਹੰਸਾਓ। ਦੇਖੋ ਤੋ! ਨ ਜਲਦੀ ਹੂਈ ਕੋ ਔਰ ਜਲਾਓ। ਲੇਜਾਓ ਮੁਝੇ ਸਾਥ! ਜਹਾਂ ਜਾਨਾ ਹੈ ਜਾਓ॥ ਕਿਸ ਬਾਤ ਸੇ ਰੂਠੇ ਕਿ ਨਹੀਂ ਮਨਨ ਮੇਂ ਆਤੇ।ਕਿਸਮਤ ਭੀ ਮੇਰੀ ਸੋ ਗਈ ਹੈ ਤੁਮਕੋ ਜਗਾਤੇ॥ ਮੈਂ ਗ਼ਰਜ਼ ਸਹੀ ਮੁਝ ਸੇ ਅਜੀ ਬੋਲੋ ਨ ਬੋਲੋ। ਪਰ ਅਪਨੇ ਅਜ਼ੀਜ਼ੋਂ ਸੇ ਤੋ ਯੋਂ ਜ਼ਹਿਰ ਨ ਘੋਲੋ॥ ਕਿਸ ਹਾਲ ਮੇਂ ਹੈ ਘਰ ਕੇ, ਜ਼ਰਾ ਆਂਖ ਤੋ ਖੋਲੋ। ਮਾਤਾ ਕੀ ਮੁਹੱਬਤ ਕੋ ਕੁਛ ਇਨਸਾਫ਼ ਸੇ ਤੋਲੋ। ਕਯਾ ਦੂਧ ਕੀ ਧਾਰੋਂ ਕਾ ਯਹੀ ਮੋਲ ਹੈ ਪਿਆਰੇ। ਸਭ ਪੀਟਤੀ ਕੋ ਛੋੜ ਕਹਾਂ ਆਪ ਸਿਧਾਰੇ॥ ਕਹਨੇ ਕੋ ਅਭੀ ਔਰ ਥੀ ਦੁਖ ਦਰਦ ਬਿਚਾਰੀ, ਕਹਨੇ ਭੀ ਨ ਪਾਈ ਥੀ ਮੁਸੀਬਤ ਅਭੀ ਸਾਰੀ॥ *ਇਫ਼ਰਾਤ ਗ਼ਮੋ ਰੰਜ ਸੇ ਗ਼ਸ਼ ਹੋ ਗਯਾ ਤਾਰੀ। ਇਸ ਗ਼ਸ਼ ਮੇਂ ਵਹ ਕਯਾ ਦੇਖਤੀ ਹੈ ਕਰਮੋਂ ਕੀ ਮਾਰੀ। ਸਿਰਤਾਜ ਵਹੀ ਦੂਲਹਾ ਬਨਾ ਪਾਸ ਖੜਾ ਹੈ। ਔਰ †ਯਾਸ ਭਰੇ ਲਹਜੇ ਮੇਂ ਯੋ ਗੋਯਾ ਹੂਆ ਹੈ।

"ਪਤਿ ਕਾ ਉੱਤਰ"

ਐ ਨੇਕ ‡ਸਿਯਰ ਅਸਮਤੇ ¶ਇਫ਼ਤ ਮੇਂ ‖ਯਗਾਨਾ। ਐ ਬਾਇਸੇ ਬੰਹਬੂਦਿਯੇ §ਰੌਨਕ ਦਇ ਖਾਨਾ। ਐ ÷ਮੂਨਿਸੇ ਲਾਸਾਨਿਯੇ ਹਮਦਰਦ ਜ਼ਮਾਨਾ॥ਸੁਨਤਾ ਹੂੰ ਤੇਰੇ ਗ਼ਮ ਮੇਂ ਮੁਦਤ ਸੇ ਤਰਾਨਾ। ਮੈਂ ਆਜਿਜ਼ੋ ਲਾਚਾਰ ਹੂੰ

---

*ਬਹੁਤਹੀ, †ਬਉਮੈਦੀ, ‡ਸੀਲਵੰਤੀ, ¶ਨੇਕਚਲਨ, ‖ਅਪਨਾ ਨਮੂਨਾ ਆਪਹੀ, §ਘਰ ਦੀ ਰੌਣਕ, ÷ਸੁਹਿਰਦ।

ਕੁਛ ਕਰ ਨਹੀਂ ਸਕਤਾ। ਕੋ ਤੇਰਾ ਹੀ ਤੇਰਾ ਭੀ ਕਾਮ ਕਰ ਨਹੀਂ ਸਕਤਾ। ਫੇਰ ਕੇ ਉਤਾਰੇਗੀ ਤੂੰ *ਅਫ਼ਸਾਂ ਕੇ ਸਤਾਰੇ। ਔਰ ਝੂਠਾ ਸੁਹਾਗੋਂ ਕਾ ਚਿਤ੍ਰਾ ਪਰ ਤੂੰ ਉਤਾਰੇ॥ ਜਾਨੇ ਕਾ ਮੁਝੇ ਆਪਨੇ ਨਹੀਂ ਰੰਜ ਜ਼ਰਾ ਹੈ। ਪਰ ਖ਼ੌਫ਼ ਤੇਰਾ ਜਾਨੇ ਕਹਾਂ ਮੁਝ ਕੋ ਬੜਾ ਹੈ॥ ਜਿਸ ਕੌਮ ਮੇਂ ਹੈ ਤੂੰ ਵਹ ਅਜਬ ਅਹਲੇ ਜਫ਼ਾ ਹੈ। ਨ ਸ਼ਰਮ ਹੀ ਹੈ ਉਸ ਕੋ ਕੁਛ ਨਾ ਖ਼ੌਫ਼ੇ ਖ਼ੁਦਾ ਹੈ॥ ਹੈ ਨਾਲਾ ਗ਼ਰੀਬੋਂ ਕਾ ਉਸੇ ਏਕ ਤਰਾਨਾ। ਹੈ †ਅਸ਼ਕ ਯਤੀਮੋਂ ਕਾ ਉਸੇ ਮੋਤੀ ਕਾ ਦਾਨਾ॥ ਨ ਅਕਲ ਬਤਾਵੇ ਬੁਰਾ ਹੈ ਇਸਕੋ ਯਹ ਮਾਨੇ। ਨ ਸ਼ਾਸਤ੍ਰ ਔਰ ਪਾਕ ਕਿਤਾਬੋਂ ਕੋ ਯਹ ਜਾਨੇ। ਆਈ ਹੈ ਅਜਬ ਜਹਲੋ ਜਹਾਲਤ ਕੇ ਯਹ ਬਸ ਮੇਂ। ਮਨ ਮਾਨੀ ਬਨਾ ਰਖੀ ਹੈ ਇਸ ਕੌਮ ਨੇ ਰਸਮੇਂ। ਜੋ ਰੰਜ ਤੁਝੇ ਪਹੁੰਚਾ ਹੈ ਕਬ ਮੁਝ ਸੇ ਨਿਹਾਂ ਹੈ। ਸੂਰਤ ਸੇ ਤੇਰੀ ਹਾਲ ਦਿਲੇ ਜ਼ਾਰ ‡ਅਯਾਂ ਹੈ॥ ਆਹੋਂ ਸੇ ਤੇਰੀ ਦਿਲ ਮੇਂ ਮੇਰੇ ਉਠਤਾ ਧੂਆਂ ਹੈ। ਲੇਕਿਨ ਐ ਮੇਰੀ ਜਾਂਨ ਯਹ ਬੇਸੂਦ §ਫ਼ੁਗ਼ਾਂ ਹੈ। ਮੈਂ ਚਾਹਤਾ ਕਬ ਹੂੰ ਕਿ ਤੁਝੇ ਤਾਨੇ ਦਿਲਾਊਂ। ਮੈਂ ਚਾਹਤਾ ਕਬ ਹੂੰ ਕਿ ਅਕਾਰਿਬ ਕੋ ਰੁਲਾਊਂ॥ ਮੈਂ ਚਾਹਤਾ ਕਬ ਹੂੰ ਕਿ ਇਸੀ ਉਮਰ ਮੇਂ ਜਾਊਂ। ਮੈਂ ਚਾਹਤਾ ਕਬ ਹੂੰ ਕਿ ਤੁਝੇ ਛੋੜਕੇ ਜਾਊਂ॥ ਲੇਕਿਨ ਮੇਰੀ ਜਾਂ ਇਸਮੇਂ ਨਹੀਂ ਮੇਰੀ ਖ਼ਤਾ ਹੈ। ਮੈਂ ਜਾਨੇ ਪੈ ਮਜਬੂਰ ਹੂੰ ਯਹ ਹੁਕਮ ਕਜ਼ਾ ਹੈ॥

ਪਤਨੀ ਦੀ ਮ੍ਰਿਤੂ

ਵੋ ਆਲਮੇ ਬੇਹੋਸ਼ੀ ਮੇਂ ਥੀ ਦਰਦ ਰਸੀਦਾ।
ਇਸ ਆਖ਼ਿਰੀ ਫ਼ਿਕਰੇ ਸੇ ਹੁਆ ਔਰ ਉਸੇ ਸਦਮਾ।

---

*ਮੱਥੇ ਦੀ ਚਿਤ੍ਰਕਾਰੀ। †ਆਂਸੂ। ‡ਪ੍ਰਗਟ। §ਰੋਣਾ, ਕੀਰਨੇ।

ਇਸ ਸਦਮੇ ਕੇ ਹੋਤੇ ਹੀ ਘਿਰਾ ਔਰ ਕਲੇਸ਼ਾ ।
ਘਿਰਤੇ ਹੀ ਕਲੇਜੇ ਕੇ ਬਿਗੜਨੇ ਲੱਗਾ ਔਰ ਨਕਸ਼ਾ ।
ਮੂੰਹ ਜ਼ਰਦ ਹੂਆ ਨਬਜ਼ੇ ਛੁਟੀ ਗਸ਼ ਹੂਆ ਤਾਰੀ ।
ਔਰ ਦੇਖਤੇ ਹੀ ਦੇਖਤੇ ਦੁਖੀਆ ਭੀ ਸਿਧਾਰੀ ।

ਕਵਿ ਕੀ ਅਪੀਲ

ਐ ਨਾਜ਼ਰੀਨ! ਕਜ਼ਾ ਯਾਸੇ *ਕਲਕ ਕਾ ਯਹ †ਮੰਜ਼ਰ ।
ਦਿਲ ਪਾਨੀ ਹੂਆ ਜਾਤਾ ਹੈ ਦੋ ਲਾਸ਼ੇਂ ਬਰਾਬਰ ।
ਐ ਭਾਰਤਿਯੋ ! ਹਾਯ ! ਯਹ ਅੰਧੇਰ ਨਹੀਂ ਹੈ ।
ਔਲਾਦ ਪੈ ਭੀ ਜ਼ੁਲਮ ਸੁਨਾ ਤੁਮ ਨੇ ਕਹੀਂ ਹੈ।
ਤੁਮਨੇ ਤੋ ਸਮਝ ਰੱਖਾ ਹੈ ਜੋ ਕੁਛ ਹੈ ਯਹੀਂ ਹੈ।
ਨ ‡ਹਸ਼ਰ ਕਾ ਹੈ ਖੌਫ ਨ §ਦਾਵਰ ਕਾ ਯਕੀਂ ਹੈ।

ਮਾਸੂਮ ਕਾ ਯਹ ਖੂਨ ਨ ਦਾਮਨ ਸੇ ਛੁਟੇਗਾ। ਧੁਲਨੇ ਸੇ ਧੁਲੇਗਾ ਨ ਮਿਟਾਨੇ ਸੇ ਮਿਟੇਗਾ। ਯਹ ਯਾਦ ਰਹੇ ਆਪਕੋ ਜੀਤੇ ਹੀ ਮਰੋਗੇ। ਬੇਵਾਓਂ ਕੀ ਸ਼ਾਦੀ ਮੇਂ ਜੋ ||ਤਾਖੀਰ ਕਰੋਗੇ। ਔਰ ਬੇਵਾ ਭੀ ਵਹ ਦੇਖਾ ਨਹੀਂ ਜਿਸਨੇ ਜ਼ਮਾਨਾ। ਹੈ ਖੇਸ਼ੋ ¶ਬੇਗਾਨੇ ਮੇਂ ਅਭੀ ਏਕ ਯਗਾਨਾ। ×ਬੈਨੋਂ ਕੋ ਸਮਝਤੀ ਹੈ ਜੋ +ਮਰਗ਼ੂਬ ਤਰਾਨਾ; ਸ਼ਾਦੀ ਹੈ ਅਭੀ ਜਿਸਕੇ ਲੀਏ ÷ਏਕ ਫਸਾਨਾ। ਅਸਲ ਕਿੱਸਾ ਵਹ ਬੇਚਾਰੀ ਜੋ ਮਾਸੂਮ ਰਹੀ ਹੈ। ਔਰ ਕੁਦਰਤੀ ਜਜ਼ਬਾਤ ਸੇ ਮਹਰੂਮ ਰਹੀ ਹੈ। ਜਿਸ ਕੌਮ ਕਾ ਯਹ ਹਾਲ ਹੋ ਕਿਆ ਉਸਕੋ ਸੁਨਾਨਾ। ਮੁਮਕਿਨ ਹੀ ਨਹੀਂ ਜ਼ਾਲਿਮੋਂ ਸੇ ਦਾਦ ਕਾ ਪਾਨਾ। ਸੋਤੇ ਕਾ ਤੋ ਹੈ

---

*ਦੁੱਖ, †ਦ੍ਰਿਸ਼ਜ, ‡ਕਜ਼ਾਮਤ, ਅੰਤ ਦਾ ਦਿਨ, §ਪਰਮੇਸ਼ਰ, ||ਦੇਰ, ¶ਆਪਣੇ ਪਰਾਏ, ×ਵੈਣ ਰੁਦਨ, +ਦਿਲ ਭਾਉਂਦਾ ਰਾਗ, ÷ਕਹਾਣੀ ।

*ਮੁਸ਼ਫ਼ਿਕੇ ਮਨ ਸਹਲ ਜਗਾਨਾ। ਕੌਨ ਉਸਕੋ ਸੰਗਾਏ ਜੋ ਕਰੇ ਮਹਜ਼ ਬਹਾਨਾ। ਫਿਰ ਯਾਦ ਰਹੇ ਕਰਤੇ ਹੈਂ ਸੋ ਹੀਲੇ ਬਹਾਨੇ। ਕਿਸ਼ਤੀ ਨਹੀਂ ਲਗੇਗੀ ਕਭੀ ਉਨਕੀ ਠਿਕਨੇ। ਹਕਦਾਰੋਂ ਕਾ ਯੋਂ ਬਨ੍ਰ †ਖ਼ੁਦਾ ਹਕ ਨ ਗਵਾਓ। ‡ਮਹਕੂਮੋਂ ਪੈ §ਅਹਕਾਮ ਤਅੱਦੀ ਨ ਚਲਾਓ। ਮੰਝ ਧਾਰ ਮੇਂ ਹੈ ਨਾਵ ਬੜਾ ਜ਼ੋਰ ਦਿਖਾਓ। ਬੇਵਾਓਂ ਕੀ ਜ਼ਾਰੀ ਮੇਂ ਨ ਅਬ ਦੇਰ ਲਗਾਓ। ਐ ਮੋਟਸਨੇ ਅਰਬਾਬ ਸਿਤਮ ਕੀ ਕੋਈ ਹਦ ਹੈ। ਕੁਛ ਕਰਕ ਦਿਖਾਓ ਯਹੀ ਵਕਤੇ ਮਦਦ ਹੈ।

੪–ਵਿਧਵਾਂ ਦੇ ਵਿਰੂੜੇ!

'ਆਹ ਮੈਂ ਦੁਖਿਆਰੀ! ਦੁਖਿਆਰੇ ਦੇਸ ਦੀਆਂ ਦੁਖਿਆਰੀਆਂ ਧੀਆਂ ਵਿੱਚੋਂ ਇਕ ਵੱਡੀ ਦੁਖਿਆਰਨ! ਕੌਣ ਸੁਣਦਾ ਹੈ ਮੇਰੀ ਰਾਮ ਕਹਾਣੀ! ਆਹ! ਕੋਈ ਨਹੀਂ ਜੋ ਸੁਣੇ। ਕੋਈ ਕਿਉਂ ਸੁਣੇ? ਸੁਣ ਕੇ ਦੁੱਖ ਹੁੰਦਾ ਹੈ। ਸੁਖੀ ਕਿਉਂ ਦੁਖੀ ਹੋਣ? ਜਿਨ੍ਹਾਂ ਨੂੰ ਪਰਮੇਸ਼ਰ ਨੇ ਸੁਖੀ ਬਣਾਇਆ ਹੈ, ਉਹ ਆਪੇ ਕਿਉਂ ਦੁਖ ਦੀ ਹਵਾ ਕੰਨੀਂ ਪਾ ਕੇ ਖੁਸ਼ੀ ਦੀ ਖੁਸ਼ਬੋ ਨੂੰ ਇਸ ਤੱਤੇ ਬੁੱਲੇ ਨਾਲ ਓਡ ਦੇਣ? ਸਾਡੇ ਵਾਸਤੇ ਸੁਖ ਵਿਵਰਜਤ ਹੈ, ਸਾਡੇ ਵਾਸਤੇ ਦੁਖ ਹੀ ਆਸਰਾ ਪਰਨਾ ਹੈ। ਅਸਾਂ ਖਬਰੇ ਕੀ ਦੁਖ ਦੇ ਦੇ ਕੇ ਦੁੱਖ ਲਏ ਹਨ? ਹੁਣ ਕਿਉਂ ਸੁਖੀਆਂ ਨੂੰ ਦੁੱਖ ਸੁਣਾ ਕੇ ਦੁੱਖ ਦੇਈਏ, ਤੇ ਹੋਰ ਪਾਪੋਂ ਭਾਰੇ ਹੋਵੀਏ? ਤਾਂ ਤੇ ਹੇ ਮਨ, ਆਪਣੇ ਦੁੱਖ ਦੀ ਵਾਰਤਾ

---

*ਸੱਜਣ। †ਪਰਮੇਸ਼ਰ ਦੇ ਵਾਸਤੇ। ‡ਹੁਕਮ ਦੇ ਬੰਦੇ। §ਹੁਕਮ ਜ਼ੁਲਮ ਦੇ।

ਕਿਸੇ ਨੂੰ ਨਾਂ ਸੁਣਾ। ਉੱਚੇ ਮਹਿਲਾਂ ਦੀਆਂ ਛਾਵਾਂ ਗ਼ੈਰਾਂ ਨੂੰ ਸਿਆਲ ਦੀ ਧੁੱਪ ਤੋਂ ਬਿਸ਼ੱਕ ਬਚਾਉਣ, ਪਰ ਸਾਡੇ ਵਰਗੀਆਂ ਨਿਮਾਣੀਆਂ ਖੂਹ ਦੀ ਛਾਯਾ ਵਤ ਆਪਣੇ ਅੰਦਰ ਹੀ ਆਪਣੇ ਦੁੱਖ ਰੱਖਣ ਤਾਂ ਯੋਗ ਹੈ।'

'ਨਿਮਾਣੀਆਂ ਜੁ ਹੋਈਆਂ, ਨਿਤਾਣੀਆਂ ਜੁ ਹੋਈਆਂ, ਨੀਵਾਂਆਂ ਜੁ ਹੋਈਆਂ। ਭਾਵੀ ਨੇ ਸਾਨੂੰ ਭੁੰਜੇ ਹੀ ਨਹੀਂ ਪਟਕਿਆ ਖੂਹ ਵਾਂਙੂ ਅੱਗੇ ਨੀਵਾਂ ਕਰ ਦਿੱਤਾ ਹੈ, ਤੇ ਕਲੇਜਾ ਪਾੜ ਕੇ ਦੁੱਖਾਂ ਦੀ ਪੱਕੀ ਉਸਾਰੀ ਕਰ ਦਿੱਤੀ ਹੈ। ਹਰ ਕੋਈ ਸਾਡੀ ਖੂਹੀ ਦੇ ਜਲ ਨੂੰ ਗਾਗਰਾਂ ਭਰਦੀਆਂ ਦੀਆਂ ਖੁਣੀਆਂ ਠੋਕਰਾਂ ਮਾਰਨ ਨੂੰ ਸੁਤੰਤ੍ਰ ਹੈ। ਤਾਂਤੇ ਹੇ ਮਨ, ਖੂਹ ਦੀ ਤਰ੍ਹਾਂ ਹੀ ਨਿਮਾਣਾ ਹੋ, ਅਰ ਆਪਣੇ ਦੁੱਖਾਂ ਨੂੰ ਖੂਹ ਦੀ ਛਾਯਾ ਵਤ ਵਿੱਚੇ ਵਿੱਚ ਹੀ ਰੱਖ। ਤੂੰ ਤਾਂ ਅਗਨੀ ਦੀ ਤਰ੍ਹਾਂ ਆਪ ਸੜ ਰਹੀ ਹੈਂ, ਦੂਰ ਰਹੁ, ਮਤਾਂ ਕਿਸੇ ਹੋਰ ਨੂੰ ਧੂੰਆਂ, ਸੇਕ ਯਾ ਲੂੰਬ ਲਾ ਬੈਠੇਂ, ਪਰ ਹਾਇ! ਦੁੱਖ ਅੰਦਰ ਨਹੀਂ ਸਮਾਂਵਦੇ, ਕਲੇਜਾ ਸਾੜ ਦੇ ਨਾਲ ਪਾਰੇ ਵਾਂਙੂ ਉੱਛਲ ਉੱਛਲ ਕੇ ਮੂੰਹ ਨੂੰ ਆਉਂਦਾ ਹੈ, ਜੀਭ ਵਿਚੋਂ ਲਾਟਾਂ ਨਿਕਲਦੀਆਂ ਹਨ। ਸਿਰ ਚੱਕਰ ਖਾਂਦਾ ਹੈ। ਹਾਇ! ਹੁਣ ਹਾਹ ਦੇ ਨਾਰ੍ਹੇ ਮਾਰਾਂ, ਹਾਇ ਦੀਆਂ ਲਾਟਾਂ ਬਾਲਾਂ, ਮਤਾਂ ਕੁਛ ਕਲੇਜਾ ਹੌਲਾ ਹੋ ਜਾਏ।'

'ਹੇ ਸੀਤਲ ਬਜਾਸਾ ਨਦੀ! ਤੂੰ ਸੁਣ ਦੁਖ ਭਰੀ ਦੀ ਵਾਰਤਾ। ਤੈਨੂੰ ਪੀੜ ਨਹੀਂ ਹੋਵੇਗੀ, ਮੇਰੀ ਅੱਗ ਤੈਨੂੰ ਨਹੀਂ ਸਾੜ ਸਕੇਗੀ, ਪਰ ਤੇਰੇ ਸੁਣਿਆਂ ਮੇਰਾ ਕਲੇਜਾ ਸ਼ੈਦ ਹੌਲਾ ਹੋ ਜਾਏ। ਠੰਢ ਤਾਂ ਕੀ ਪੈਣੀ ਹੈ! ਭਲਾ ਜੇ ਗਰਮੀ ਹੀ ਜ਼ਰਾ ਨਰਮੀ ਪਕੜ ਜਾਵੇ। ਜੇ

ਬਿਆਸਾ ਨਦੀ, ਵਧਾਈਓ' ! ਮੇਰੀਆਂ ਅੱਖਾਂ ਭੀ ਤੇਰੇ ਵਾਂਙ ਵਗਣ ਲੱਗੀਆਂ ਹਨ। ਇਹ ਮੇਰੇ ਜਿਗਰ ਦੇ ਲਹੂ ਦੇ ਟੇਪੇ ਤੇਰੇ ਪ੍ਰਵਾਹ ਵਿਚ ਅਭੇਦ ਹੋਣਗੇ। ਸ਼ੁਕਰ ਹੈ, ਐਸ ਤਰ੍ਹਾਂ ਹੀ ਸਹੀ, ਮੇਰੇ ਅੰਦਰ ਤਾਂ ਪਾਣੀ ਭੀ ਤਪ ਰਿਹਾ ਹੈ, ਇਹ ਤਾਂ ਸੁਖੀ ਹੋ ਜਾਏਗਾ। ਮਤਾਂ ਕਿਤੇ ਇਹ ਬੂੰਦ ਏਸ ਅਮਿੱਤ ਪਰਵਾਹ ਵਿਚ ਰਲ ਕੇ ਕਿਸੇ ਦਾ ਖਸਖਾਸ ਭਰ ਉਪਕਾਰ ਕਰ ਜਾਵੇ, ਤੇ ਉਹ ਬੇਅੰਤ ਮਾਲਕ ਰੀਝ ਪਵੇ, ਤੇ ਸ਼ੈਦ ਬੇ ਪਰਵਾਹ ਦਰਗਾਹ ਵਿਚੋਂ ਸਾਡੇ ਲੇਖਾਂ ਪਰ ਭੀ ਖਿਮਾਂ ਦੀ ਕਲਮ ਵਗ ਜਾਏ, ਅਰ ਕੁਝ ਛੁਟਕਾਰੇ ਦੀ ਵਿਉਂਤ ਬਣੇ। ਵਾਹ ਵਾਹ ਅੱਖੀਓ, ਛਹਬਰ ਲਾ ਦਿਓ?

'ਹੇ ਮਾਂ ਬਿਆਸਾ! ਸੁਣ ਮੇਰੀ ਵਾਰਤਾ। ਹਾਇ ਮਨਾਂ ਪਾਪੀਆ ਚੁੱਪ ਰਹੁ, ਕਿਤੇ ਤੇਰੀ ਅੱਗ ਨਾਲ ਨਦੀ ਦਾ ਜਲ ਨਾਂ ਤਪ ਜਾਏ, ਅਰ ਜੀਆ ਜੰਤ ਦੁਖੀ ਹੋ ਕੇ ਬਦ ਅਸੀਸਾਂ ਨਾਂ ਦੇਣ, ਅੱਗੇ ਹੀ ਖਬਰੇ ਕਿਨ੍ਹਾਂ ਪਾਪਾਂ ਨੂੰ ਫੜੀ ਹਾਂ। ਔਹ ਪੂਰਬ ਵੱਲੋਂ ਸੂਰਜ ਦੀ ਲਾਸ ਫੁੱਟੀ। ਸਾਰੀ ਕੁਦਰਤ ਖੁਸ਼ੀ ਨਾਲ ਭਰ ਗਈ। ਪਰ ਕੀ ਇਨ੍ਹਾਂ ਮੰਗਲ ਮਈ ਕਿਰਨਾਂ ਵਿਚ' ਕੋਈ ਮੇਰੇ ਲਈ ਖੁਸ਼ੀ ਦਾ ਸੰਦੇਸਾ ਹੈ? ਹਾ ਸ਼ੋਕ! ਕੋਈ ਨਹੀਂ। ਹੇ ਮਨ! ਤੇਰੇ ਲਈ ਇਹ ਅੱਗ ਉੱਤੇ ਤੇਲ ਦਾ ਕੰਮ ਕਰਨਗੀਆਂ। ਇਹ ਅਗਨ ਬਾਣ ਮਾਰਨਗੀਆਂ। ਵਿੰਨ੍ਹੇ ਕਲੇਜੇ ਨੂੰ ਵਿੰਨ੍ਹਣਗੀਆਂ। ਹੇ ਮਨਾਂ! ਦੇਖ, ਤੇਰੀ ਗਤੀ ਤਾਂ ਅਤੀ ਨੇੜੇ ਹੈ, ਪਰ ਨਹੀਂ ਨਹੀਂ, ਡਰ, ਜਿੰਦੜੀ ਦਾ ਡਰ, ਅਜੇ ਵੀ ਖਾਂਦਾ ਹੈ। ਹੇ ਪਾਪਣ ਜਿੰਦ! ਤੂੰ ਐਡੀ ਭਾਰੀ ਦੁਖਿਆਰੀ ਹੋ ਕੇ ਵੀ ਪਿਆਰੀ ਲਗਦੀ ਹੈਂ?

ਤੇਰੇ ਵਿਚ ਉਹ ਕੀ ਹੈ, ਜੋ ਹੁਣ ਜੀਉਣਾ ਲੋਚਦਾ ਹੈ ? ਅਰ ਦੁਨੀਆਂ ਵਿਚ ਤੇਰੇ ਲਈ ਹੁਣ ਕੀ ਹੈ, ਜਿਸ ਦੇ ਲਈ ਇਹ ਜੀਉਂਣਾ ਲੋਚਦਾ ਹੈ ? ਸਮਝ ਨਹੀਂ ਪੈਂਦੀ, ਪਰ ਪਾਪਣ ਜਿੰਦ ਅਜੇ ਭੀ ਜੀਉਂਣਾ ਹੀ ਲੋਚਦੀ ਹੈ। ਨਿਰਾਸਾ ਦੇ ਵਹਿਣ ਵਿਚ ਰੁੜ੍ਹੀ ਜਾਂਦੀ ਆਸਾ ਦੇ ਪੁਲਾਂ ਦੇ ਸੁਪਨੇ ਵੇਖਦੀ ਹੈ। ਅਗਨੀ ਵਿਚ ਸੜਦੀ ਬਰਫ ਥੰਮਣ ਦੇ ਤਰਲੇ ਲੈਂਦੀ ਹੈ।'

'ਹੱਛਾ ਹੇ ਬੇਸਮਝੀ ! ਜਾਂ ਹੱਛਾ ਹੇ ਜਿੰਦੜੀ ! ਕਿਸੇ ਹਨੇਰੇ ਦੇ ਪੜਦੇ ਵਿਚ ਲਪੇਟੀ ਹੋਈ, ਦੁੱਖ ਦੇਹ ਅਰ ਦੁੱਖ ਭੋਗ, ਅਰ ਫੇਰ ਹੋਣ ਨਾਲ ਪਯਾਰ ਕਰ, ਮੈਨੂੰ ਭਰਾ, ਚੰਗਾ ! ਹਾ, ਮੈਂ ਕੀ ਹਾਂ, ਕੌਣ ਹਾਂ, ਕਿੱਥੇ ਹਾਂ, ਕਿਉਂ ਹਾਂ ? ਔਹ ਪਤੀ ਜੀ ਆ ਗਏ, ਔਹ ਸੂਰਜ ਦੇ ਤਖਤ ਪਰ ਬੈਠੇ ਦਮਕ ਰਹੇ ਹਨ, ਕੈਸੇ ਤੇਜ ਵਾਲੇ ਹਨ, ਔਹ ਦਰਿਆ ਪਰੋਂ ਨਸੇ ਤੁਰੇ ਆਉਂਦੇ ਹਨ, ਕੀ ਮੈਨੂੰ ਦੁੱਖਾਂ ਤੋਂ ਕੱਢੋਗੇ ? ਹੈਂ ! ਇਹ ਤਾਂ ਸਾਵੇ ਸਾਵੇ ਦਾਗ ਅੱਖਾਂ ਅੱਗੇ ਤ੍ਰਿੱਠ ਰਹੇ ਹਨ। ਹੇ ਪਾਪਣ ਅੱਖੋ ! ਤੁਸਾਂ ਭੀ ਸਾਥ ਛਡਿਆ ? ਇਹ ਮਸਖਰੀ ਦਾ ਵੇਲਾ ਹੈ ? ਚੰਗਾ ਵਾਹ ਵਾਹ। ਮੈਂ ਸੁਣਦੀ ਸਾਂ, ਪਰ ਮੰਨਣੋਂ ਨੱਕ ਚਾੜ੍ਹਦੀ ਸਾਂ—

'ਇਕ ਸਜਣ ਸਭ ਸਜਣਾ'

ਹੁਣ ਸਭ ਮੰਨਿਆ। ਪਰ ਕੇਹੜੇ ਵੇਲੇ ?

'ਜਦ ਚਿੜੀਆਂ ਚੁਗ ਲਿਆ ਖੇਤ'

ਚੰਗਾ, ਵਾਹ ਵਾਹ ॥'

'ਮੌਤ ਮਰ ਗਈ', ਇਹ ਕੌਣ ਪਿਆ ਕੈਂਹਦਾ ਹੈ ? ਮੌਤ ਮਰ ਗਈ ! ਦੋ ਮਹੀਨੇ ਅੱਗੋਂ ਮਰਦੀ, ਮੇਰੇ

ਸੁਆਮੀ ਜੀ ਤਾਂ ਨਾਂ ਮਰਦੇ। ਹੁਣ ਮੋਈ ਕਿਸ ਕੰਮ ? ਹੇ ਪਾਪਣ ਜਿੰਦੇ! ਸੋਚ ਕਰ, ਮੌਤ ਤਾਂ ਤੈਨੂੰ ਦੁੱਖਾਂ ਤੋਂ ਨਾਂ ਛੁਡਾਉਣ ਵਾਸਤੇ ਮਰ ਗਈ ਹੈ, ਇਹ ਵੀ ਤੇਰੇ ਹੀ ਬੁਰੇ ਲਈ ਭਾਣਾ ਵਰਤਿਆ ਹੈ। ਭਲਾ ਇਹ ਕੌਣ ਕੈਂਹਦਾ ਹੈ ? ਕੋਈ ਨਹੀਂ, ਆਪਣੇ ਕੰਨ ਹੀ ਬੋਲਦੇ ਹਨ। ਲਓ, ਇਹ ਵੀ ਛਡ ਚੱਲੇ, ਇਹ ਵੀ ਹੁਣ ਮਖੌਲ ਕਰਦੇ ਹਨ। ਵਾਹ ਵਾਹ!

'ਕੰਨਾਂ, ਅੱਖਾਂ, ਅਕਲ ਨੇ. ਸਭਨਾ ਦਿੱਤੀ ਹਾਰ।
ਹੁਣ ਤਾਂ ਓਹ ਵੀ ਛਡ ਤੁਰੇ, ਮੁੱਢ ਕਦੀਮੀ ਯਾਰ॥'

ਮੇਰੀ ਕੀ ਦਸ਼ਾ ਹੋ ਗਈ। ਇਹ ਪ੍ਰਲਾਪ ਅਵਸਥਾ ਤਾਂ ਨਹੀਂ! ਇਕ ਦਿਨ ਪਤੀ ਜੀ ਨੇ ਪ੍ਰਲਾਪ ਦਸ਼ਾ ਦਾ ਨਰੂਪਣ ਕੀਤਾ ਸੀ। ਕਾਵ੍ਯ ਵਿਚ ਇਹ ਬੜੀ ਦੁਖਦਾਈ ਦਸ਼ਾ ਕਹੀ ਹੈ। ਕੀ ਮੈਂ ਪ੍ਰਲਾਪਣ ਹਾਂ ? ਨਹੀਂ ਜੀ ਨਹੀਂ, ਮੈਂ ਤਾਂ ਬਿਰਹਣੀ ਹਾਂ। ਬਿਰਹਣੀ ਭੀ ਨਹੀਂ, ਮੇਰੇ ਪਤੀ ਨੇ ਕਦੇ ਨਹੀਂ ਮਿਲਣਾ। ਮੈਂ ਬਿਰਹਣੀ ਕਾਹਦੀ ਹਾਂ, ਮੈਂ ਵਿਯੋਗਣ ਹਾਂ। ਹਾ! ਸੰਜੋਗਾਂ ਦਾ ਅਭਾਵ ਹੋ ਗਿਆ, ਹੁਣ ਵਿਯੋਗਣ ਕਾਹਦੀ ? ਕੀ ਮੈਂ ਵਿਪ੍ਰਲਭਤਾ ਹਾਂ ? ਕਲਹੰਤ੍ਰਤਾ ਹਾਂ ? ਝੂਠ, ਪਾਪੀ ਮਨ, ਝੂਠ। ਇਹ ਪਦਵੀਆਂ ਤਦ ਸਨ, ਜੇ ਸੁਆਮੀ ਜੀ ਜੀਉਂਦੇ ਹੁੰਦੇ, ਹੁਣ ਤਾਂ ਉਹ ਨਹੀਂ ਹਨਗੇ। ਤਾਂਤੇ ਮੈਂ ਨਿਭਾਗਣ ਕਰਮ ਹੀਣ ਵਿਧਵਾ ਹਾਂ। ਮੇਰਾ ਨਾਮ ਕਾਵ੍ਯ ਸ਼ਾਸਤ੍ਰ ਵਾਲਿਆਂ ਨੇ ਕਿਤੇ ਨਹੀਂ ਰੱਖਣਾ। ਦੀਨ ਦੁਨੀਆਂ ਵਿੱਚ, ਮੈਨੂੰ ਤਾਂ ਕਵੀਆਂ ਨੇ ਕਾਗਤਾਂ ਵਿਚ ਵੀ ਥਾਂ ਨਹੀਂ ਦਿੱਤੀ॥'

'ਹਾ ਹਾ! ਮੈਂ ਵਿਧਵਾ ਹਾਂ! ਨਹੀਂ ਨਹੀਂ, ਹੈਂ

ਮੈਂ ਤਾਂ ਸੁਹਾਗਣ ਸਾਂ। ਮੈਂ ਵਿਧਵਾ, ਵਿਧਵਾ, ਰੰਡੀ, ਸਿਰੋਂ ਨੰਗੀ, ਪਤੀ ਤੋਂ ਰਹਿਤ। ਕੀ ਮੈਂ ਵਿਧਵਾ ਹੋ ਗਈ? ਸੱਚ ਮੁੱਚ ਮੈਂ ਤਾਂ ਇਹ ਪਦ ਸੁਣ ਨਹੀਂ ਸਾਂ ਸਕਦੀ, ਮੈਂ ਤਾਂ ਵਿਧਵਾ ਦੇ ਪਰਛਾਂਵੇਂ ਤੋਂ ਡਰਦੀ ਸਾਂ। ਸ਼ੋਕ, ਅੱਜ ਮੈਂ ਆਪ ਵਿਧਵਾ ਹਾਂ। ਮੇਰਾ ਜੀ ਅਜੇ ਵੀ ਨਹੀਂ ਮੰਨਦਾ। ਇਹ ਖਿਆਲ ਅਜੇ ਵੀ ਖਾਣ ਨੂੰ ਪੈਂਦਾ ਹੈ। ਪਰ ਹੈ ਜੋ ਹੈ, ਮੈਂ ਸ਼ੱਕ ਸ਼ੁਬ੍ਹੇ ਤੋਂ ਬਿਨਾਂ ਵਿਧਵਾ ਹਾਂ। ਓਹ ਸਿਰ ਦੇ ਤਾਜ ਜੋ ਡੋਲੇ ਚਾੜ੍ਹ ਕੇ ਲਿਆਏ ਸੇ, ਤੇ ਆਪ ਪਿੱਛੇ ਪਿੱਛੇ ਆਏ ਸੇ, ਉਹ ਲੋਪ ਹੋ ਗਏ। ਕੀ ਇਸੇ ਬਿਅਦਬੀ ਪਿਛੇ ਤਾਂ ਗੁੱਸੇ ਨਹੀਂ ਹੋ ਗਏ, ਜੋ ਮੈਂ ਅੱਗੇ ਕਿਉਂ ਲੱਗੀ? ਹੇ ਪ੍ਰਾਣ ਪਤੀ ਜੀ, ਲੁਕਣ ਮੀਟੀ ਨਾਂ ਖੇਡੋ, ਮੈਂ ਝੱਲਣ ਜੋਗੀ ਨਹੀਂ ਹਾਂ। ਪਿਆਰੇ ਸੁਆਮੀ ਜੀ, ਕਿਤੋਂ ਨਿਕਲ ਆਓ, ਤੇ ਇੱਕ ਵਾਰ ਹਸਦੇ ਹਸਦੇ ਦਾਈਏ ਫੁੱਲਾਂ ਸੇਹਰੇ ਕਰਕੇ ਮੇਰੇ ਸੀਸ ਨੂੰ ਚਰਨਾਂ ਤੇ ਰੱਖ ਕੇ ਬਖਸ਼ ਲਓ।'

'ਹੇ ਪ੍ਰਲਾਪੀ ਮਨ! ਹੇ ਵਿਆਕੁਲ ਮਨ! ਬੱਸ ਕਰ। ਮਰ ਗਏ ਕਦੀ ਨਹੀਂ ਮੁੜੇ। ਪਤੀ ਮਰ ਗਿਆ, ਨਹੀਂ ਮੇਰੇ ਲਈ ਸਭ ਮਰ ਗਏ। ਸੰਸਾਰ ਮਰ ਗਿਆ। ਹੁਣ ਅਥਾਹ ਧਰਤੀ ਪਰ ਕੱਲੀ ਵਿਚਰਦੀ ਹਾਂ। ਝੜਿਆ ਤੜਿਆ ਉੱਠਦੀ ਹਾਂ। ਇੰਨੀ ਹੀ ਹੁੰਦੀ ਤਾਂ ਬੱਸ ਸੀ। ਦੁਨੀਆਂ ਨਹੀਂ ਮੋਈ, ਦੁਨੀਆਂ ਵੈਰੀ ਹੋ ਗਈ। ਇਕ ਸੱਜਣ ਦੇ ਗਿਆਂ ਸਭ ਸੱਜਣਾਂ ਵਿਚੋਂ ਸਜਣਾਈ ਉੱਡ ਗਈ। ਵਾਹ ਪਤੀ ਜੀ, ਤੁਸੀਂ ਸੱਜਣਤਾ ਦੇ ਸੂਰਜ ਸੇ, ਤੁਸਾਡੇ ਲੋਪ ਹੋਇਆਂ ਸਭ ਵਿਚੋਂ ਸੱਜਣਤਾ ਦੀ ਜੋਤ ਉੱਡ ਗਈ। ਤੁਸੀਂ ਜੇ ਨਾਲ ਲੈ ਤੁਰਦੇ, ਤਾਂ

ਕਿਆ ਚੰਗਾ ਸੀ। ਪਰ ਤੁਸਾਂ ਸਾਥ ਛਡਿਆ; ਤੁਸਾਂ ਰੰਡੀ ਨਹੀਂ ਕੀਤੀ, ਛੁੱਟੜ ਕੀਤੀ, ਦੁਹਾਗਣ ਕੀਤੀ। ਹੁਣ ਕੌਣ ਵਾਤ ਪੁੱਛੇ!

ਤਪ ਤਪ ਲੋਹਿ ਲੋਹਿ ਹਾਥ ਮਰੋਰਹੁ।
ਬਾਵਲ ਹੋਈ ਸੋ ਸਹੁ ਲੋਰਹੁ।

ਕੀ ਮੈਂ ਪਤੀ ਲੋੜਾਂ। ਉਹ ਮਿਲ ਨਹੀਂ ਸਕਦੇ। ਹਾ! ਮੈਂ ਪਾਪਣ ਨੇ ਹੱਥੀਂ ਦਾਹ ਕਰ ਦਿਤਾ। ਸਿਹਰੇ ਬੰਨ੍ਹ ਕੇ ਜੋਹੜੇ ਮੈਨੂੰ ਲੈਣ ਆਏ ਸੇ, ਜਿਨ੍ਹਾਂ ਦੀ ਸੇਵਾ ਦੇ ਮੈਂ ਨੇਮ ਕੀਤੇ ਸੇ, ਜਿਨ੍ਹਾਂ ਪਿੱਛੇ ਮਾਪੇ ਛੱਡੇ ਸੇ, ਭੈਣ ਭਾਈ ਤਿਆਗੇ ਸੇ, ਹਾ, ਮੈਂ ਪਾਪਣ ਨੇ ਉਸ ਪ੍ਰਾਣ ਪਿਆਰੇ ਨੂੰ ਹੱਥੀਂ ਫੂਕਿਆ। ਪਤੀ ਜੀ! ਮੈਂ ਤੁਸਾਨੂੰ ਦਾਹ ਨਹੀਂ ਦਿੱਤਾ, ਆਪਣੇ ਸੁਖਾਂ ਨੂੰ ਤੁਸਾਡੇ ਨਾਲ ਸਤੀ ਕਰ ਦਿੱਤਾ; ਉਹ ਲੰਬੂ ਜੋ ਤੁਸਾਡੀ ਦੇਹ ਨੂੰ ਲਾਇਆ ਸੀ, ਮੇਰੇ ਮਨ ਨੂੰ ਲੱਗ ਗਿਆ, ਉਹ ਤਾਂ ਬੁਝ ਗਿਆ, ਇਹ ਅਬੁੱਝ ਹੋ ਕੇ ਅੱਠੇ ਪਹਿਰ ਫੂਕਦਾ ਹੈ। ਲੋਕਾਂ ਭਾਣੇ ਮੈਂ ਆਪ ਨੂੰ ਚਿਖਾ ਤੇ ਚਾੜ੍ਹਿਆ, ਪਰ ਅਸਲੋਂ ਵਿਚ ਮੈਂ ਆਪਣੇ ਆਪ ਨੂੰ ਆਪਣੇ ਅੰਦਰ ਚਿਖਾ ਉੱਤੇ ਧਰ ਦਿੱਤਾ। ਹੇ ਪਤੀ ਜੀ, ਇਹ ਚਿਖਾ ਨਹੀਂ ਠਰਦੀ॥'

'ਯੋਗ ਦੰਡ ਹੈ, ਪਤੀ ਨੂੰ ਦਾਹ ਕਰਨ ਵਾਲੀ ਨੂੰ ਚਾਹੀਦਾ ਹੈ, ਕਿ ਸਦੀਵ ਸੜੇ, ਸੜੇ ਅਰ ਮਰੇ ਨਾਂ, ਮਰੇ ਨਾਂ ਅਰ ਸੜੇ। ਹੱਛਾ, ਵਾਹ ਵਾਹ, ਚੰਗਾ ਏਵੇਂ ਹੀ ਸਹੀ। ਪੇਸ਼ ਨਹੀਂ ਨਾਂ ਚਲਦੀ। ਮੈਂ ਕਦੀ ਨਾਂ ਦਾਹ ਦੇਂਦੀ, ਦੇਹ ਨੂੰ ਸਾਂਭ ਰਖਦੀ, ਪਰ ਪਾਪਣ ਗਰਮੀ ਨੇ ਬੇ ਮਲੂਮੇ ਹੀ ਆਪ ਦੀ ਦੇਹ ਸਾੜ ਦੇਣੀ ਸੀ। ਰਹਿ ਹੀ ਨਹੀਂ ਸਕਦੀ ਸੀ। ਹੇ ਪਿਆਰੇ, ਮੈਨੂੰ ਕਾਵਜ ਵਿਦਜਾ

ਦਾਸ ਨੂੰ ਸੁਣਾਈ ਸੀ । ਮੈਨੂੰ ਆਗਿਆਕਾਰ ਦਾਸ ਨੂੰ ਬਣਾਇਆ ਸੀ । ਆਪ ਨੇ ਅਧਵਾਟੇ ਸਾਥ ਛੱਡਿਆ ॥'

'ਹੇ ਬਿਆਸਾ, ਠੰਢ ਪਾ । ਵੇਖ ਕਿੰਨੇ ਚਿਰ ਦੀ ਤੇਰੇ ਕੰਢੇ ਵਿਲਕ ਰਹੀ ਹਾਂ । ਤੂੰ ਬੇ ਪਰਵਾਹ ਓਸੇ ਤਰ੍ਹਾਂ ਅਠਖੇਲੀਆਂ ਨਾਲ ਚਲੀ ਜਾ ਰਹੀ ਹੈਂ, ਦਰਦ ਨਹੀਂ ਵੰਡਾਉਂਦੀ । ਕਿਉਂ ਵੰਡਾਵੇਂ ? ਤੂੰ ਨਿਰਦਈ ਸੰਸਾਰ ਤੋਂ ਕੋਈ ਵੱਖਰੀ ਹੈਂ । ਦੁਨੀਆਂ ਵਿਚ ਪੱਗ ਦਾ ਲਿਹਾਜ਼ ਹੈ । ਜਿਨ੍ਹਾਂ ਦੇ ਸਿਰੋਂ ਪੱਗ ਵਾਲਾ ਤੁਰ ਗਿਆ ਉਨ੍ਹਾਂ ਦਾ ਕੋਈ ਕਿਉਂ ਲਿਹਾਜ਼ ਕਰੇ । ਫੇਰ ਉਨ੍ਹਾਂ ਸਿਰਨੰਗੀਆਂ ਦਾ, ਜੋ ਸ਼ਰਮ ਦੀ ਚਾਦਰ ਹੇਠ ਲੁਕ ਕੇ ਦਿਨ ਕਟਣਾ ਚਾਹੁਣ, ਅਰ ਆਪਣੇ ਕਪੜੇ ਬੇਦਾਗ਼ ਰੱਖ ਕੇ ਪੇਧੀਆਂ ਦਰਗਾਹ ਵਿਚ ਜਾਣਾਂ ਚਾਹੁਣ ਉਨ੍ਹਾਂ ਦਾ ਕੋਈ ਵਾਹਰੂ ਨਹੀਂ ਹੁੰਦਾ ॥' (ਬਾਲਕੀਆਂ ਦੀ ਅੱਠਵੀਂ ਪੋਥੀ ਵਿਚੋਂ)

੫·ਇਕ ਸੌ ਤੀਹ ਅੰਮ੍ਰਿਤਸਰ

ਸੁਹਾਗ ਕੌਰ—ਅੜੀਏ ! ਅਸਾਂ ਤੇ ਕਦੇ ਏਨੇ ਅੰਮ੍ਰਿਤਸਰ ਨਹੀ ਸੁਣੇ, ਇਕੋ ਨੱਗਰ ਗੁਰੂ ਰਾਮਦਾਸ ਜੀ ਦੀ ਨਗਰੀ ਹੈ । ਜਿਸਨੂੰ ਸਾਰਾ ਪੰਜਾਬ, ਹਿੰਦੁਸਤਾਨ ਸਗੋਂ ਹੋਰ ਦੇਸ਼ ਦੇਸ਼ਾਂਤ੍ਰ ਜਾਨਦੇ ਨੇ ਤੇ ਲੁਕਾਈ ਦਰਸ਼ਨ ਕਰਨ ਨੂੰ ਦੂਰੋਂ ਦੂਰੋਂ ਭੱਜੀ ਆਉਂਦੀ ਹੈ ।

ਦੁਖਵੰਤੀ—ਭੈਣਾਂ ! ਤੂੰ ਸੱਚ ਆਂਹਦੀ ਹੈਂ ! ਮੇਰਾ ਇਹ ਮਤਲਬ ਤਾਂ ਨਹੀਂ ਕਿ ਅੰਮ੍ਰਿਤਸਰ ਏਤਨੇ ਨੇ ! ਮੈਂ ਤਾਂ ਕੁਛ ਹੋਰ ਦੱਸਣ ਲਗੀ ਸਾਂ । ਧੰਨ ਸ੍ਰੀ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਨੇ, ਜਿਨ੍ਹਾਂ "ਰਾਮਦਾਸ ਪੁਰਾ" ਵਸਾਇਆ ! ਧੰਨ ਇਸ ਦੇ ਵਸਾਨ

ਵਾਲੇ ਅਰ ਧੰਨ ਇਹ ਨਗਰੀ ਹੈ ! ਸਾਰੇ ਨਗਰ ਦਾ ਤਾਂ ਕੀ ਕਹਿਣਾ ਹੋਇਆ, ਇੱਕੋ ਸ੍ਰੀ ਹਰਿ ਮੰਦਰ ਸਾਹਿਬ ਦੀ ਉਪਮਾਂ ਹੀ ਮਾਨ ਨਹੀਂ। ਕਾਬਲ, ਕੰਧਾਰ ਧੰਨੀ ਪੋਠੋਹਾਰ, ਮਾਝਾ, ਮਾਲਵਾ, ਮੈਨਦੁਆਬ, ਨੱਕਾ, ਕੰਢੀ, ਢਾਕਾ, ਬੰਗਾਲਾ, ਤਿਬਤ, ਆਸਾਮ, ਕੇਹੜੀ ਥਾਂ, ਹੈ ਜਿਥੋਂ ਦਰਸ਼ਨ ਕਰਨ ਲਈ ਮਾਈ ਭਾਈ ਨਹੀਂ ਦੁਰੇ ਆਉਂਦੇ। ਹਾਂ! ਸੱਚ, ਵਲੈਤ ਦੇ ਗੋਰੇ ਤੇ ਮੇਮਾਂ ਵੀ ਵੇਖ ਖਾਂ, ਕਿਸ ਤਰਾਂ ਆਉਂਦੇ ਤੇ ਅਚੰਭਾ ਹੁੰਦੇ ਨੇ। ਕੋਈ ਸ਼ਰਧਾ ਨਾਲ ਗੁਰਾਂ ਦੇ ਆ ਦੀਦਾਰ ਕਰਦਾ ਹੈ, ਕੋਈ ਇਕ ਅਨੋਖਾ ਅਰ ਦੇਖਣ ਜੋਗ ਮਕਾਨ ਸੁਣਕੇ ਹੀ ਤੁਰਿਆ ਆਉਂਦਾ ਹੈ, ਕੋਈ ਤਸਵੀਰ ਉਤਾਰਕੇ ਲੈ ਜਾਂਦਾ ਹੈ। ਦਰਬਾਰ ਸਾਹਿਬ ਕੀ ਹੈ ? ਧਰਤੀ ਦਾ ਬੈਕੁੰਠ ਹੈ, ਨਾ ਸਚ, ਇਸਤੋਂ ਭੀ ਵਧਕੇ। ਇਕ ਸਿਆਣੇ ਦਾ ਬਚਨ ਹੈ:—

"ਅੰਮ੍ਰਿਤਸਰ ਬੈਕੁੰਠ ਕੋ ਤੋਲਿਓ ਹਰਿ ਹਰਿ ਦਾਮ।
ਗਉਰਾ ਥੋ ਧਰਨੀ ਰਹਿਓ, ਹਉਰਾ ਚੜਿਓ ਅਕਾਸ਼"

ਅਠੇ ਪਹਿਰ ਰੌਣਕ, ਸਤਿ ਸੰਗ, ਸ਼ਬਦ, ਬਾਣੀ, ਭਜਨ ਕੀਰਤਨ ਦਾ ਅਤੁੱਟ ਪਰਵਾਹ ਚਲ ਰਿਹਾ ਹੈ। ਵਿਸ਼ੇਸ਼ ਕਰਕੇ ਅੰਮ੍ਰਿਤ ਵੇਲੇ ਦਾ ਆਨੰਦ ਤੇ ਰਾਤ ਚੌਕੀ ਸਾਹਿਬ ਦੀ ਅਖੰਡ ਧੁਨੀ ਅਜਿਹੇ ਅਚਰਜ ਦੀ ਹੈ, ਕਿ ਬੈਕੁੰਠ ਵਿਚ ਵੀ ਨਹੀਂ ਹੋਣੀ, ਅਕਾਲ ਤਖਤ ਸਾਹਿਬ, ਬਾਬਾ ਅਟੱਲ ਜੀ ਅਤੇ ਹੋਰ ਅਨੇਕ ਗੁਰਦੁਆਰੇ ਗੁਰ ਸਥਾਨ ਛਡਕੇ ਜੇ ਨਗਰ ਵਲ ਨਿਗਾਹ ਉੱਚੀ ਕਰਕੇ ਤੱਕੀਏ ਤਾਂ ਚੌਤਰਫੇ ਘੁੱਘ ਵਸੋਂ ਹੈ, ਪੱਕੀਆਂ ਮਾੜੀਆਂ, ਗੱਚ ਅਟਾਰੀਆਂ, ਉਚੇ ਚੁਬਾਰੇ, ਬਾਰਾਂਦਰੀਆਂ,

ਮਕਾਨ, ਦੁਕਾਨਾਂ, ਸ਼ੋਭਾ ਪਾ ਰਹੇ ਹਨ। ਹਟਾਂ ਅਤੇ ਹੱਟਾਂ ਉਪਰ ਵਣਜਾਰਿਆਂ ਦੀ ਓਹ ਗਹਿਮਾਂ ਗਹਿਮ ਹੈ ਕਿ ਮਾਨੋ ਸਾਰੇ ਦੇਸ ਦਾ ਵਪਾਰ ਇੱਥੇ ਹੀ ਆ ਢੁੱਟਾ ਹੈ। ਨਵੇਂ ਸੁਰਜ ਨਵੇਂ ਤੋਂ ਨਵੇਂ ਬੈਂਕ ਖੁਲ ਰਹੇ ਹਨ, ਮਸ਼ੀਨਾਂ ਕਾਰਖਾਨੇ ਬਨ ਰਹੇ ਹਨ, ਗੁਰੂ ਰਾਮਦਾਸ ਜੀ ਦੀ ਇਤਨੀ ਦਇਆ ਹੈ ਕਿ ਜੋ ਕੋਈ ਭਲਮਨਸਊ ਨਾਲ ਅਕਾਲ ਪੁਰਖ ਵਾਹਿਗੁਰੂ ਦੇ ਭੈ ਵਿਚ ਚਾਰ ਆਨੇ ਦੇ ਛੋਲੇ ਵੀ ਉਬਾਲ ਕੇ ਛਾਬੜੀ ਲਾ ਬਹੇ, ਰਾਤ ਨੂੰ ਟੱਬਰ ਦੀਆਂ ਰੋਟੀਆਂ ਲੈ ਉਠਦਾ ਹੈ। ਵਡੇ ਵਡੇ ਸੇਠਾਂ, ਸਾਹੂਕਾਰਾਂ, ਲਾਲਿਆਂ ਦੀ ਤਾਂ ਪੁੱਛੋ ਹੀ ਨਾ। ਸਾਰੇ ਰੱਜੇ ਪੁੱਜੇ ਹੋਏ ਸਰਦੇ ਪੁਜਦੇ ਵਾਲੇ ਹਨ, ਸੋਹਣੇ ਸੋਹਣੇ ਖਾਣੇ ਖਾਂਦੇ, ਮਹਿਲਾਂ ਮੰਦਰੀਂ ਸੌਂਦੇ, ਬਾਗੀਂ ਸੈਲਾਂ ਕਰਦੇ, ਬੱਘੀਆਂ, ਫਿਟਨਾਂ, ਵਿਕਟੋਰੀਆਂ ਦੀ ਭਰਮਾਰ ਪੈ ਰਹੀ ਹੈ। ਇਨ੍ਹਾਂ ਦੀਆਂ ਸਆਣੀਆਂ ਰਾਣੀਆਂ ਬਣੀਆਂ ਪੀਹੜੀਆਂ ਤੇ ਕਰਸੀਆਂ ਨੂੰ ਸੁਭਾਇਮਾਨ ਕਰ ਰਹੀਆਂ ਨੇ। ਪੰਜਾਹ ਪੰਜਾਹ ਸੈ ਮੈ ਦੇ ਲਹਿੰਗੇ ਪਾਈ ਗਹਿਣਿਆਂ ਨਾਲ ਲੱਦੀਆਂ ਹੋਈਆਂ ਝਮਝਮ ੨ ਕਰਦੀਆਂ ਫਿਰਦੀਆਂ ਹਨ। ਭੈਣਾਂ! ਮੈਂ ਇਸ ਬੈਕੁੰਠ ਧਾਮ, ਗੁਰੂ ਸੱਚੇ ਪਾਤਸ਼ਾਹ ਦੇ ਵਸਾਏ ਰਾਮਦਾਸ ਪੁਰ ਸ੍ਰੀ ਅੰਮ੍ਰਿਤਸਰ ਦੀ ਗੱਲ ਨਹੀਂ ਕੀਤੀ, ਇਹ ਤਾਂ "ਅਨੰਦ ਭਵਨ" ਹੈ। ਮੇਰਾ ਧਿਆਨ ਕਿਸੇ ਹੋਰ ਪਾਸੇ ਹੈ।

ਸੁਹਾਗਕੌਰ—ਨੀ ਭੈਣ! ਤੂੰ ਤਾਂ ਅੰਮ੍ਰਿਤਸਰ ਦੀ ਉਪਮਾ ਦੇ ਪੁਲ ਬੰਨ੍ਹ ਦਿਤੇ। ਅਸਲੀ ਗੱਲ ਤਾਂ ਦੱਸ?

ਦੁਖਵੰਤੀ—ਅੜੀਏ! ਅੰਮ੍ਰਿਤਸਰ ਤਾਂ ਹੈ ਹੀ ਉਪਮਾ ਜੋਗ, ਜਿੰਨੀ ਉਪਮਾ ਕਰੀਏ ਥੋੜੀ ਹੈ, ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਵਿਚ ਇਉਂ ਲਿਖਿਆ ਹੈ:-

"ਡਿਠੇ ਸਭੇ ਥਾਉ ਨਹੀ ਤੁਧ ਜੇਹਿਆ। ਬਧਹੁ ਪੁਰਖ ਬਿਧਾਤੇ ਤਾਂ ਤੂ ਸੋਹਿਆ। ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ। ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ।"

ਪਰ ਮੈਂ ਤਾਂ ਉਨ੍ਹਾਂ ਅੰਮ੍ਰਿਤ ਸਰਾਂ ਬਾਬਤ ਪਈ ਆਹਨੀ ਹਾਂ ਜਿੱਥੇ ਗਲੀ ਗਲੀ, ਘਰ ਘਰ, ਦਰ ਦਰ, ਚੁੱਲ੍ਹੇ ਚੁੱਲ੍ਹੇ ਵਿਚੋਂ ਠੰਢੇ ਦਿਲਾਂ ਦੇ ਦਰਦ ਭਰੇ ਹਾਹੁਕੇ ਤੇ ਆਹਾਂ ਦਾ ਧੂੰਆਂ ਨਿਕਲ ਕੇ ਸਾਰੇ ਦੇਸ ਨੂੰ ਸਾੜ ਰਿਹਾ ਹੈ। ਜਿਥੋਂ ਦੇ ਵਾਸੀ ਨਿਰੀਆਂ ਤੀਵੀਆਂ ਹੀ ਨੇ। ਸੁਖ ਸੁਆਦ ਜਿਨ੍ਹਾਂ ਦੇ ਭਾਗਾਂ ਵਿਚ ਹੀ ਨਹੀਂ ਆਇਆ। ਜਿਨ੍ਹਾਂ ਦੇ ਕਪੜੇ ਫਟੇ ਹੋਏ ਅਰ ਲੀਰਾਂ ਲਟਕ ਰਹੀਆਂ ਨੇ, ਜਿਨ੍ਹਾਂ ਨੂੰ ਖਾਣ ਪੀਣ ਨੂੰ ਨਹੀਂ ਜੁੜਦਾ। ਜੇ ਕਿਸੇ ਪਾਸ ਚਾਰ ਪੈਸੇ ਖਾਨ ਨੂੰ ਹਨ, ਤਾਂ ਉਸ ਦੁਖਾਂ ਮਾਰੀ ਨੂੰ ਇਹ ਪੈਸੇ ਅਣੀਆਲੇ ਤੀਰ ਹੋ ਹੋ ਢੁਕਦੇ ਹਨ। ਇਨ੍ਹਾਂ ਦੀਆਂ ਆਤਮਾਂ ਹਰ ਸਮੇਂ ਕਲਪ ਰਹੀਆਂ ਨੇ, ਤੇ ਇਨ੍ਹਾਂ ਦੇ ਸੀਨੇ ਕਸ਼ਟ ਅਰ ਦੁਖਾਂ ਨਾਲ ਛੇਕੋ ਛੇਕ ਹੋ ਰਹੇ ਨੇ।

ਸੁਹਾਗਕੌਰ-ਭੈਣ! ਜੇ ਇਹੋ ਜਿਹੇ ਦਰਦਮੰਦ ਜੀਉੜੇ, ਦੁਖਾਂ ਮਾਰੇ ਇਨ੍ਹਾਂ ਨਗਰਾਂ ਵਿੱਚ ਰਹਿੰਦੇ ਨੇ, ਤਾਂ ਐਸੇ ਕਲੇਸ਼ਾਂ ਦੇ ਸੋਮੇਂ ਨਗਰਾਂ ਦੇ ਨਾਮ ਅੰਮ੍ਰਿਤਸਰ ਕਿਉਂ ਰਖਦੀ ਹੈਂ? "ਦੁਖੀ ਪੁਰ" ਕਿਉਂ ਨਹੀਂ?

ਦੁਖਵੰਤੀ-ਠੀਕ ਏ! ਇਨ੍ਹਾਂ ਦੇ ਨਾਮ "ਦੁਖਿਆਰ ਨਗਰ" ਹੀ ਹਨ, ਪਰ ਮੇਰਾ ਮਤਲਬ ਇਨ੍ਹਾਂ ਦਾ ਕੇਵਲ "ਅੰਮ੍ਰਿਤਸਰ" ਨਾਮ ਰੱਖਣ ਤੋਂ ਨਹੀਂ। ਮੇਰਾ ਮਤਲਬ

ਇਹ ਹੈ, ਕਿ ਐਸੀਆਂ ਦੁਖਿਆਰਨਾਂ ਦੇ ਸਾਰੀਆਂ ਵਿੱਚ ਵੀਹਾਂ ਨਗਰ ਅੰਮ੍ਰਿਤਸਰ ਜਿੰਨੇ ਵੱਸ ਸਕਦੇ ਨੇ।

ਸੁਹਾਗਕੌਰ-ਓਹ ਕਿੱਕੁਰ?

ਦੁਖਵੰਤੀ-ਏਸ ਤਰਾਂ ਕਿ ਅੰਮ੍ਰਿਤਸਰ ਦੀ ਵਸੋਂ ਦੋ ਲੱਖ ਦੇ ਲਗ ਭਗ ਹੈ, ਤੇ ਇਹੋ ਜਿਹੀਆਂ ਦੁਖਿਆਰੀਆਂ ਸਾਰੇ ਹਿੰਦੁਸਤਾਨ ਵਿਚ ਦੋ ਕਰੋੜ ੫੭ ਲਖ ੯੧ ਹਜ਼ਾਰ ੯ ਸੌ ੩੬ ਹਨ, ਜੇਕਰ ਇਹ ਸਾਰੀਆਂ ਇਕਠੀਆਂ ਕਰਕੇ ਵਸਾਈਆਂ ਜਾਣ, ਤਾਂ ਅੰਮ੍ਰਿਤਸਰ ਵਰਗੇ ਇਕ ਸੌ ਤੀਹ ਨਗਰ ਵਸ ਸਕਦੇ ਨੇ। ਹਾਇ ਕਹਿਰ!

ਸੁਹਾਗਕੌਰ-ਤੇ ਭੈਣਾਂ! ਓਹ ਜੀਵੀਆਂ ਕੌਣ ਨੇ? ਰਤਾ ਖੋਲ੍ਹਕੇ ਤਾਂ ਦੱਸ! ਦੁਖਵੰਤੀ-ਅਣੀਏ! ਤੂੰ ਕੀ ਜਾਣੇ ਪੀੜ ਪਰਾਈ? ਉਹ ਹਨ ਓਹੀਆਂ ਮੇਰੇ ਵਰਗੀਆਂ, ਸਿਰ ਦਾ ਸਾਈਂ ਸਿਰੋਂ ਗਵਾ ਬੈਠੀਆਂ ਰੰਡੀਆਂ (ਵਿਧਵਾ) ਹਾਇ! ਮਾਲਕ ਚਲ ਬਸੇ! ਬਾਲੀ ਉਮਰਾ! ਸੁਹਾਗ ਭਾਗ ਦੀ ਸਾਰ ਨਹੀਂ। ਰੰਡੇਪੇ ਦੇ ਦੁਖੜੇ! ਸਾਹੁਰੇ ਥਾਂ ਨਹੀਂ, ਪੇਈਏ ਢੋਈ ਨਹੀਂ। ਸੁੱਖਾਂ ਲੱਧੀ ਧੀ ਆਖ ੨ ਕੇ ਲਡਿਆਨ ਵਾਲੀ ਪਿਆਰੀ ਅੰਬੜੀ, ਨਿੱਕੀ ਜਿਹੀ ਲਾਡਿੱਕੋ ਨੂੰ ਡੋਲੀ ਪਾਕੇ ਟੋਰਨ ਵਾਲਾ ਬਾਬਲ, ਸਕੇ ਵੀਰ, ਕੋਈ ਸਾਰ ਨਹੀਂ ਲੈਂਦਾ, ਆਸ ਪਾਸ ਗਲੀ ਗੁਆਂਢ ਸਭ "ਅਪਸਗਨੀ" "ਕੁਲਹਿਣੀ" ਬੂਹੇ ਦੀ ਭਿਖਾ ਆਖ ਆਖ ਕੇ ਛਿੱਥੀਆਂ ਕਰਨ ਵਾਲੇ, ਸਖੀਆਂ ਸਹੇਲੀਆਂ ਵਿਚ ਬਹਿਣ ਨੂੰ ਥਾਂ ਨਹੀਂ, ਪਤੀ ਬਿਨਾਂ ਘਰ ਵੱਢਣ ਨੂੰ ਪੈਂਦਾ ਹੈ, ਬਾਹਰ ਨਿਕਲੇ ਤਾਂ ਗਲੀਆਂ ਦੇ ਕੱਖ ਵੀ ਵੈਰੀ! ਸਤ ਸੰਗ